Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਸਤੰਬਰ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਪੰਜਾਬ ’ਚ ਹੜ੍ਹਾਂ ਕਾਰਨ ਹੋਈ ਤਬਾਹੀ ਨਾਲ ਸਥਿਤੀ ਹੋਈ ਬਹੁਤ ਨਾਜ਼ੁਕ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਪੰਜਾਬ ਵਿਚ ਹੜ੍ਹਾਂ ਕਾਰਨ ਤਬਾਹੀ



ਸੂਬੇ ਵਿਚ ਆਏ ਤਬਾਹਕੁੰਨ ਹੜ੍ਹਾਂ ਨਾਲ ਪੈਦਾ ਹੋਏ ਦੁਖਾਂਤ ਨੂੰ ਘਟਾਉਣ ਲਈ ਸਰਕਾਰ ਸਮੇਤ ਸਾਰੇ ਹੀ ਵਰਗਾਂ ਵੱਲੋਂ ਆਪੋ-ਆਪਣੇ ਢੰਗ ਨਾਲ ਯੋਗਦਾਨ ਪਾਉਣ ਦਾ ਯਤਨ ਮਨ ਨੂੰ ਧਰਵਾਸ ਦਿਵਾਉਣ ਵਾਲਾ ਹੈ। ਇਸ ਔਖੀ ਘੜੀ ਵਿਚ ਧਾਰਮਿਕ ਸਖ਼ਸ਼ੀਅਤਾਂ, ਖ਼ਾਲਸਾ ਏਡ, ਸਮਾਜ ਸੇਵੀ ਸੰਗਠਨ, ਪੰਚ-ਸਰਪੰਚ, ਯੂਥ ਕਲੱਬਾਂ, ਗਾਇਕਾਂ ਅਤੇ ਵੱਡੀ ਗਿਣਤੀ ਵਿਚ ਨੌਜਵਾਨ ਰਾਹਤ ਅਤੇ ਬਚਾਅ ਕਾਰਜਾਂ ਵਿਚ ਵੱਡੀ ਭੂਮਿਕਾ ਨਿਭਾਅ ਰਹੇ ਹਨ।

ਵੱਡੀ ਹੱਦ ਤੱਕ ਪਹਾੜਾਂ ਵਿਚ ਪਏ ਬੇਹੱਦ ਮੀਹਾਂ ਅਤੇ ਝੱਖੜਾਂ ਨਾਲ ਪਾਣੀ ਦਾ ਵਹਾਅ ਇਸ ਹੱਦ ਤੱਕ ਵਧ ਗਿਆ, ਉਸ ਦਾ ਕਿਆਸ ਨਹੀਂ ਸੀ ਕੀਤਾ ਜਾ ਸਕਦਾ। ਤਿੰਨੇ ਹੀ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੇ ਇਸ ਵਧੇ ਹੋਏ ਪਾਣੀ ਨੂੰ ਖਾਰਜ ਕਰਨ ਲਈ ਫਲੱਡ ਗੇਟ ਖੋਲ੍ਹਣੇ ਪਏ, ਜਿਸ ਨੇ ਮੈਦਾਨੀ ਇਲਾਕਿਆਂ ਵਿਚ ਇਕ ਤਰ੍ਹਾਂ ਨਾਲ ਤਬਾਹੀ ਲਿਆ ਦਿੱਤੀ। ਇਸ ਵਾਰ ਪਹਾੜਾਂ ਤੋਂ ਇਲਾਵਾ ਮੈਦਾਨਾਂ ਵਿਚ ਵੀ ਭਾਰੀ ਬਾਰਿਸ਼ਾਂ ਹੋਈਆਂ, ਜਿਨ੍ਹਾਂ ਨੇ ਇਸ ਸੰਤਾਪ ਨੂੰ ਹੋਰ ਵੀ ਵਧਾ ਦਿੱਤਾ, ਜਿਸ ਕਰਕੇ ਇਹ ਦੁਖਾਂਤ ਪੈਦਾ ਹੋ ਗਿਆ। ਹੜ੍ਹਾਂ ਕਾਰਨ ਦਰਿਆਵਾਂ ਨਾਲ ਲਗਦੇ ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਵਧੇਰੇ ਪ੍ਰਭਾਵਿਤ ਹੋਏ ਹਨ। ਕਿਸਾਨਾਂ ਅਤੇ ਖੇਤੀਬਾੜੀ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਹੈ। ਬਹੁਤੀਆਂ ਥਾਵਾਂ ’ਤੇ ਕਿਸਾਨ ਅਤੇ ਦਿਹਾਤੀ ਲੋਕ ਆਪਣੇ ਪਸ਼ੂਆਂ ਨੂੰ ਵੀ ਸੁਰੱਖਿਅਤ ਥਾਵਾਂ ’ਤੇ ਲਿਆਉਣ ਵਿਚ ਅਸਫਲ ਰਹੇ ਹਨ ਅਤੇ ਬਹੁਤ ਸਾਰੇ ਪਸ਼ੂ ਹੜ੍ਹਾਂ ਵਿਚ ਵਹਿ ਗਏ ਹਨ, ਬਹੁਤ ਸਾਰੇ ਮਰ ਵੀ ਗਏ ਹਨ। ਭਿਆਨਕ ਹੜ੍ਹਾਂ ਕਾਰਨ 45 ਤੋਂ ਉੱਪਰ ਵਿਅਕਤੀ ਦੀ ਮੌਤ ਹੋ ਚੁੱਕੀ ਹੈ।

ਕੇਂਦਰੀ ਮੰਤਰੀ ਅਨੁਸਾਰ ਫਸਲਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਨਦੀਆਂ ਦੇ ਕਿਨਾਰਿਆਂ ਦੇ ਬੰਨ੍ਹ ਮਜਬੂਤ ਅਤੇ ਉੱਚੇ ਕੀਤੇ ਗਏ ਸਨ, ਪਰ ਰੇਤੇ ਦੀ ਗੈਰ-ਕਾਨੂੰਨੀ ਨਿਕਾਸੀ ਕਾਰਨ ਉਹ ਕਮਜ਼ੋਰ ਹੋ ਗਏ ਹਨ। ਕੁਝ ਹੱਦ ਤੱਕ ਇਹ ਵੀ ਹੜ੍ਹਾਂ ਦਾ ਇਕ ਕਾਰਨ ਹੋ ਸਕਦਾ ਹੈ, ਪਰ ਅਸੀਂ ਸਮਝਦੇ ਹਾਂ ਕਿ ਭਾਰੀ ਬਾਰਿਸ਼ਾਂ ਹੜ੍ਹਾਂ ਦਾ ਵੱਡਾ ਕਾਰਨ ਬਣੀਆਂ ਹਨ।

ਦਹਾਕਿਆਂ ਤੋਂ ਗੈਰ-ਕਾਨੂੰਨੀ ਰੇਤੇ ਤੇ ਬਜਰੀ ਦੀ ਨਿਕਾਸੀ ਦੀ ਗੱਲ ਹਰ ਪੱਧਰ ’ਤੇ ਚਲਦੀ ਰਹੀ ਹੈ, ਪਰ ਇਹ ਸਾਰੀਆਂ ਸਰਕਾਰਾਂ ਹੀ ਲਾਲਚ ਵੱਸ ਇਸ ਕਾਲੇ ਧੰਦੇ ਨੂੰ ਬੰਦ ਨਹੀਂ ਕਰਵਾ ਸਕੀਆਂ, ਸਗੋਂ ਇਨ੍ਹਾਂ ਦੇ ਹਰ ਪੱਧਰ ਦੇ ਸਿਆਸਤਦਾਨ ਅਤੇ ਕਾਰਕੁੰਨ ਇਸ ਕਾਲੇ ਧੰਦੇ ਵਿਚ ਗਲਤਾਨ ਰਹੇ ਹਨ। ਰਾਜ ਵਿਚ ਪੈਦਾ ਹੋਈ ਅਜਿਹੀ ਤ੍ਰਾਸਦੀ ਦੇ ਹੱਲ ਲਈ ਲੋਕਾਂ ਨੂੰ ਕਿਸੇ ਵੀ ਧਿਰ ’ਤੇ ਬਹੁਤਾ ਵਿਸ਼ਵਾਸ ਨਹੀਂ ਬੱਝ ਰਿਹਾ। ਸਰਕਾਰ ਨੂੰ ਚਾਹੀਦਾ ਹੈ ਕਿ ਬਾਰਿਸ਼ ਖਤਮ ਹੋਣ ਤੋਂ ਬਾਅਦ ਪਹਿਲ ਦੇ ਅਧਾਰ ’ਤੇ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਨਦੀਆਂ ਦੇ ਕਿਨਾਰਿਆਂ ਦੇ ਬੰਨ੍ਹ ਮਜਬੂਤ ਅਤੇ ਉੱਚੇ ਕੀਤੇ ਜਾਣ। ਰੇਤ ਅਤੇ ਬੱਜਰੀ ਦੀ ਗ਼ੈਰ ਕਾਨੂੰਨੀ ਨਿਕਾਸੀ ’ਤੇ ਵੀ ਸਖ਼ਤੀ ਨਾਲ ਐਕਸ਼ਨ ਲਿਆ ਜਾਵੇ ਤਾਂ ਜੋ ਫਿਰ ਤੋਂ ਪੰਜਾਬ ਨੂੰ ਹੜ੍ਹਾਂ ਦੀ ਮਾਰ ਨਾ ਝੱਲਣੀ ਪਏ।

ਇਸ ਸਮੇਂ ਪੰਜਾਬ ਪੀੜਤ ਹੈ। ਇਸ ਦੀ ਪੀੜ ਨੂੰ ਪੀੜਤ ਜਾਂ ਪ੍ਰਭਾਵਿਤ ਲੋਕ ਹੀ ਸਮਝ ਸਕਦੇ ਹਨ। ਕਿਸਾਨਾਂ ਦੀ ਅਹਿਮੀਅਤ ਦੇਸ਼ ਲਈ ਇਕ ਤਰ੍ਹਾਂ ਨਾਲ ਫ਼ੌਜ ਤੋਂ ਵੀ ਵੱਧ ਹੈ। ਫ਼ੌਜ ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਬਚਾਅ ਕੇ ਭੂਗੋਲਿਕ

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



**Chief Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Editor**
**S. Surinder Singh Ruby**
**ETO (Retd.)**
**E-mail:ruby.surinder57@gmail.com**
**M.: 98141-28181**



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

**ਮੁੱਖ ਸੰਪਾਦਕ, ਲੁਬਾਣਾ ਸੇਵਕ**
**ਸੈਕਟਰ 30-ਏ, ਚੰਡੀਗੜ੍ਹ, ਮੋ. 98155-40240**
**e-mail:lobanafoundation@gmail.com**
**Websitelink : bmslchd.org, lobanafoundation.org**

**FOR ONLINE DEPOSITS OF FUNDS BANK ACCOUNT DETAIL IS AS UNDER:-**
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸ਼ਨ ਘਣੀ ਕੋਈ ਆਣਿ ਮਿਲਾਵੈ ਮਾਇ॥**

**ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 07-09-2025 (ਐਤਵਾਰ)**
**ਸੰਗਰਾਂਦ - 16-09-2025 (ਮੰਗਲਵਾਰ)**
**ਮੱਸਿਆ - 27-09-2025 (ਸ਼ਨੀਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 147 | ਸਤੰਬਰ - 2025



1. ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ 4
2. ਸਚੁ ਸੁਣਾਇਸੀ ਸੱਚ ਕੀ ਬੇਲਾ 7
3. ਪੰਜਾਬ 'ਚ ਹੜ੍ਹਾਂ ਦਾ ਕਹਿਰ ਸਥਾਈ ਹੱਲ ਦੀ ਜ਼ਰੂਰਤ 10
4. ਹੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਦੀ ਲੋੜ 15
5. ਪੰਜਾਬ ਵਿਚ ਹੜ੍ਹਾਂ ਦਾ ਕਹਿਰ 18
6. ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ! 20
7. ਪੰਜਾਬੀਆਂ ਦਾ ਦਰਿਆਵਾਂ ਨਾਲ ਮੱਥਾ ਲੱਗਾ ਹੋਇਆ ਹੈ ਫਿਰ ਵੀ ਹੌਂਸਲੇ ਬੁਲੰਦ ਹਨ 23
8. ਭਲੇ ਅਮਰਦਾਸ ਗੁਣ ਤੇਰੇ 28
9. ਊਤਮ ਸੰਗਤਿ ਊਤਮ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥ ਅੰਗ 414॥ 30
10. ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 33
11. ਘਰ ਦਾ ਪਿਆਰ (ਸਮਾਜਕ ਲੇਖ) 35
12. ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ 38
13. Matrimonial 40
14. ਦਾਨੀ ਸੱਜਣਾਂ ਦੀ ਸੂਚੀ 41



**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ



ਕਈ ਦਹਾਕਿਆਂ ਤੋਂ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੀਆਂ ਚੁਣੌਤੀਆਂ ਦਾ ਵਾਰ-ਵਾਰ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਕੁਝ ਦਹਾਕਿਆਂ ਵਿਚ ਭਾਰਤ ਦੇ ਪਹਾੜੀ ਰਾਜਾਂ ਉਤਰਾਖੰਡ, ਜੰਮੂ-ਕਸ਼ਮੀਰ, ਹਿਮਾਚਲ ਤੇ ਹਰਿਆਣਾ ਦੇ ਨਾਲ-ਨਾਲ ਪੰਜਾਬ ਨੂੰ ਵੀ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ।




ਭਗਵਾਨ ਸਿੰਘ ਲੁਬਾਣਾ
ਪ੍ਰਧਾਨ ਬਮਸਲ ਫਾਊਂਡੇਸ਼ਨ
ਚੰਡੀਗੜ੍ਹ
98155-40240


ਪੰਜਾਬ ਵਾਸੀਆਂ ਦੇ ਚੇਤੇ ਵਿਚ ਸਤੰਬਰ 1947, ਅਕਤੂਬਰ 1955, ਜੁਲਾਈ 1988, ਸਤੰਬਰ 1993 ਦੇ ਹੜ੍ਹਾਂ ਵਲੋਂ ਵੱਡੇ ਪੱਧਰ ਦੇ ਕੀਤੀ ਤਬਾਹੀ ਦੀਆਂ ਯਾਦਾਂ ਅਜੇ ਵੀ ਕਈ ਵਾਰੀ ਤਾਜ਼ੀਆਂ ਹੋ ਜਾਂਦੀਆਂ ਹਨ। ਹੜ੍ਹਾਂ ਕਾਰਨ ਪੰਜਾਬ ਵਿਚ ਜੋ ਬਰਬਾਦੀ ਹੋ ਰਹੀ ਹੈ, ਉਸ ਨੂੰ ਦੇਖ ਕੇ ਮਨ ਬਹੁਤ ਉਦਾਸ ਹੈ। ਹਿਮਾਲਾ ਖੇਤਰ ਇਸ ਵੇਲੇ ਬੱਦਲ ਫਟਣ, ਧਰਤੀ ਦੇ ਖਿਸਕਣ, ਮਿੱਟੀ ਦੇ ਖੋਰੇ ਅਤੇ ਹੜ੍ਹਾਂ ਦੀ ਤਰਾਸਦੀ ਨਾਲ ਜੂਝ ਰਿਹਾ ਹੈ। ਨਦੀਆਂ ਦਾ ਵਹਿਣ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਰਿਹਾ ਹੈ। ਇਸ ਮਾਨਸੂਨ ਵਿੱਚ ਸਥਿਤੀ ਭਿਅੰਕਰ ਹੋ ਗਈ ਹੈ। ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਬੁਨਿਆਦੀ ਢਾਂਚੇ ਤੇ ਘਰਾਂ ਨੂੰ ਤਹਿਸ-ਨਹਿਸ ਕਰ ਰਹੇ ਹਨ। ਹਿਮਾਚਲ ਵਿਚ ਭਾਰੀ ਬਾਰਿਸ਼ ਪੈਣ ਕਾਰਨ ਪੰਜਾਬ ਰਾਜ 'ਚ ਵਗਣ ਵਾਲੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਵੀ ਤਬਾਹੀ ਅਤੇ ਬਰਬਾਦੀ ਕਰ ਰਹੇ ਹਨ। ਇਸ ਵਾਰ ਵੀ ਦਰਿਆਵਾਂ ਨਾਲ ਲਗਦੇ ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਵਧੇਰੇ ਪ੍ਰਭਾਵਿਤ ਹੋਏ ਹਨ।

ਸਰਕਾਰ ਅਤੇ ਬਹੁਤ ਸਾਰੀਆਂ ਸੁਸਾਇਟੀਆਂ ਵਲੋਂ ਪਾਣੀ ਵਿਚ ਘਿਰੇ ਲੋਕਾਂ ਨੂੰ ਕੱਢ ਕੇ ਕੈਂਪਾਂ ਵਿਚ ਪਹੁੰਚਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਵਿਚ ਵੀ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਰੱਖਣ ਦਾ ਕੰਮ ਚੱਲ ਰਿਹਾ ਹੈ। ਪ੍ਰਸ਼ਾਸਨ, ਐਨ.ਡੀ.ਆਰ.ਐਫ., ਥਲ ਫ਼ੌਜ ਅਤੇ ਹਵਾਈ ਫ਼ੌਜ ਵਲੋਂ ਵੱਖ-ਵੱਖ ਇਲਾਕਿਆਂ ਵਿਚ ਰਾਹਤ ਕਾਰਜ ਆਰੰਭੇ ਗਏ ਹਨ। ਇਸ ਸਮੇਂ ਸਾਰਾ ਜ਼ੋਰ ਪਾਣੀ ਵਿਚ ਘਿਰੇ ਪਿੰਡਾਂ ਦੇ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਲਿਆਉਣ 'ਤੇ ਲੱਗ ਰਿਹਾ ਹੈ। ਸਮੁੱਚੇ ਤੌਰ 'ਤੇ ਇਨ੍ਹਾਂ ਹੜ੍ਹਾਂ ਨਾਲ ਸਮਾਜ ਦੇ ਵੱਖ-ਵੱਖ ਵਰਗਾਂ ਦਾ ਕਿੰਨਾ ਤੇ ਕਿਹੋ ਜਿਹਾ ਨੁਕਸਾਨ ਹੋਇਆ ਹੈ, ਇਸ ਦੀ ਹਕੀਕੀ






ਜਾਣਕਾਰੀ ਤਾਂ ਬਾਅਦ ਵਿਚ ਸਾਹਮਣੇ ਆਵੇਗੀ ਪਰ ਪ੍ਰਤੱਖ ਤੌਰ ’ਤੇ ਇਹ ਨਜ਼ਰ ਆ ਰਿਹਾ ਹੈ ਕਿ ਕਿਸਾਨਾਂ ਅਤੇ ਖੇਤੀਬਾੜੀ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਹੈ। ਬਹੁਤੀਆਂ ਥਾਵਾਂ ’ਤੇ ਕਿਸਾਨ ਅਤੇ ਦਿਹਾਤੀ ਲੋਕ ਆਪਣੇ ਪਸ਼ੂਆਂ ਨੂੰ ਵੀ ਸੁਰੱਖਿਅਤ ਥਾਵਾਂ ’ਤੇ ਲਿਆਉਣ ਵਿਚ ਅਸਫਲ ਰਹੇ ਹਨ ਅਤੇ ਬਹੁਤ ਸਾਰੇ ਪਸ਼ੂ ਹੜ੍ਹਾਂ ਵਿਚ ਵਹਿ ਗਏ ਹਨ, ਬਹੁਤ ਸਾਰੇ ਮਰ ਵੀ ਗਏ ਹਨ।

ਜਲ–ਜ਼ਮੀਨ–ਜੰਗਲ ਨਾਲ ਕੀਤਾ ਖਿਲਵਾੜ ਖਿੱਤੇ ਦੇ ਕੁਝ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਵੇਂ ਹਿਮਾਚਲ ਖੇਤਰ ਦੇ ਹਿੱਸੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੂੰ ਸਭ ਤੋਂ ਵੱਧ ਇਹ ਭੁਗਤਣਾ ਪੈ ਰਿਹਾ ਹੈ। ਪਿਛਲੇ ਵਰ੍ਹਿਆਂ ’ਚ ਪੰਜਾਬ ’ਚ ਜੰਗਲਾਂ ਦਾ ਖੇਤਰ ਘਟਿਆ ਹੈ। ਖੇਤੀ ਜ਼ਮੀਨ ਉੱਤੇ ਲਗਾਤਾਰ ਡਾਕੇ ਪਏ ਹਨ। ਪਾਣੀ ਦੀ ਥੁੜ੍ਹ ਨੇ ਪੰਜਾਬ ਪੱਲੇ ਕੁਝ ਨਹੀਂ ਰਹਿਣ ਦਿੱਤਾ ਤੇ ਹੁਣ ਵਧੇਰੇ ਪਾਣੀ ਨੇ ਪੰਜਾਬ ਪਰੇਸ਼ਾਨ ਕੀਤਾ





ਹੋਇਆ ਹੈ।

ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਇਹ ਤਬਾਹੀ ਆਖ਼ਰ ਕਿਉਂ ਹੋ ਰਹੀ ਹੈ? ਕਿਉਂਕਿ ਟੂਰਿਜ਼ਮ ਅਤੇ ਤੀਰਥ-ਯਾਤਰੀਆਂ ਦਾ ਝੁਕਾਅ ਹਿਮਾਚਲ ਪ੍ਰਦੇਸ਼ ਵੱਲ ਜ਼ਿਆਦਾ ਵਧ ਰਿਹਾ ਹੈ। ਹਿਮਾਚਲ ਦੇ ਸ਼ਹਿਰਾਂ 'ਚ ਅਬਾਦੀ ਵਧ ਰਹੀ ਹੈ। ਹਿਮਾਚਲ ਦੇ ਬੁਨਿਆਦੀ ਢਾਂਚੇ ਦਾ ਵਿਸਥਾਰ ਪਹਾੜਾਂ ਨੂੰ ਤਹਿਸ-ਨਹਿਸ ਕਰਕੇ ਕੀਤਾ ਜਾ ਰਿਹਾ ਹੈ। ਨਾਜ਼ੁਕ ਖੇਤਰਾਂ 'ਚ ਹੋਟਲ, ਰਿਜ਼ੋਰਟ ਤੇਜ਼ੀ ਨਾਲ ਵਧੇ ਹਨ। ਨਦੀਆਂ ਦੇ ਤੱਟਾਂ ਉੱਤੇ ਭਵਨ ਨਿਰਮਾਣ ਕਾਰਨ ਜੋਖ਼ਮ ਵਧਿਆ ਹੈ।

ਜੋ ਲੋਕ ਆਪਣੇ ਅਹੁਦੇ ਦਾ ਗੁਮਾਨ ਛੱਡ ਕੇ ਜ਼ਮੀਨੀ ਪੱਧਰ ਤੇ ਲੋਕਾਂ ਦੀ, ਹੜ੍ਹ ਪੀੜਤਾਂ ਦੀ ਸਹਾਇਤਾ ਕਰ ਰਹੇ ਹਨ ਉਨ੍ਹਾਂ ਦੀ ਸ਼ਲਾਘਾ ਵੀ ਕਰਨੀ ਬਣਦੀ ਹੈ। ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਭੈਣ ਸ਼ਾਕਸ਼ੀ ਸਾਹਨੀ ਅਤੇ ਦਿਲਜੀਤ ਦੁਸਾਂਝ ਦੀ ਮੈਨੇਜਰ 'ਸੋਨਾਲੀ' ਵੀ ਭਾਗਾਂ ਵਾਲੀਆਂ ਕੁੜੀਆਂ ਹਨ ਜਿਹੜੀਆਂ ਸਾਦਗੀ ਨਾਲ ਲੋਕਾਂ ਵਿੱਚ ਵਿਚਰ ਰਹੀ ਹੈ। ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਵੀ ਹੜ੍ਹ ਪੀੜਤਾਂ ਦੀ ਸਾਰ ਲੈਣ ਲਈ ਆਪਣਾ ਬਣਦਾ ਯੋਗਦਾਨ ਪਾ ਰਹੀਆਂ ਹਨ। ਇਸ ਵੇਲੇ ਬਹੁਤ ਸਾਰੀਆਂ ਸੁਸਾਇਟੀਆਂ ਵੱਲੋਂ ਵੀ ਵੱਧ ਤੋਂ ਵੱਧ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਔਰਤਾਂ ਤੇ ਬੱਚਿਆਂ ਦਾ ਸਮਾਨ, ਸੁੱਕਾ ਰਾਸ਼ਨ, ਮੱਛਰ ਦਾਨੀਆਂ, ਤਰਪਾਲਾਂ, ਫੋਕ ਮਸ਼ੀਨਾਂ, ਕਿਸ਼ਤੀਆਂ, ਪਸ਼ੂਆਂ ਦਾ ਚਾਰਾ, ਪਾਣੀ ਦੀਆਂ ਬੋਤਲਾਂ ਆਦਿ ਸਭ ਕੁੱਝ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਕਈ ਸੁਸਾਇਟੀਆਂ ਅਤੇ ਕਲਾਕਾਰਾਂ ਵੱਲੋਂ ਇਹ ਵੀ ਭਰੋਸਾ ਦਿੱਤਾ ਜਾ ਰਿਹਾ ਹੈ ਕਿ ਹੜ੍ਹਾਂ ਦਾ ਪਾਣੀ ਘਟਣ ਤੋਂ ਬਾਅਦ ਵੀ ਉਨ੍ਹਾਂ ਦੀ ਸੇਵਾ ਦਵਾਈਆਂ ਅਤੇ ਘਰਾਂ ਦੀ ਮੁਰੰਮਤ ਵੱਲ ਹੋਵੇਗੀ।

ਇਸ ਲਈ ਲੋੜ ਹੈ ਕਿ ਪੰਜਾਬ ਦੇ ਸਮੇਤ ਘੱਗਰ ਚਾਰੇ ਦਰਿਆਵਾਂ ਦੀ ਲਗਾਤਾਰ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਪ੍ਰੋਜੈਕਟ ਬਣਾ ਕੇ ਕੰਮ ਕੀਤਾ ਜਾਵੇ। ਇਨ੍ਹਾਂ ਵਿਚੋਂ ਸਾਲਾਂ ਦੀ ਇਕੱਠੀ ਹੋਈ ਗਾਰ (ਮਿੱਟੀ) ਕੱਢ ਕੇ ਇਨ੍ਹਾਂ ਦੀ ਕੁਦਰਤੀ ਸਤਹਿ ਅਤੇ ਵਹਾਅ ਨੂੰ ਬਹਾਲ ਕੀਤਾ ਜਾਵੇ।

ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਿਰਫ਼ ਚੀਜ਼ਾਂ ਵਸਤਾਂ ਦੇ ਰੂਪ ਵਿਚ ਹੀ ਸਹਾਇਤਾ ਨਹੀਂ ਚਾਹੀਦੀ, ਸਗੋਂ ਮਾਨਸਿਕ ਤੌਰ 'ਤੇ ਵੀ ਉਨ੍ਹਾਂ ਦੇ ਹੌਸਲੇ ਵਧਾਉਣ ਦੀ ਲੋੜ ਹੈ। ਆਓ ਸਾਰੇ ਰਲ ਕੇ ਵਾਹਿਗੁਰੂ ਜੀ ਦਾ ਓਟ ਆਸਰਾ ਲੈਂਦੇ ਹੋਏ ਅਜੋਕੇ ਦੁਖਾਂਤਕ ਹੜ੍ਹਾਂ ਵੇਲੇ, ਹਰ ਕਿਸਮ ਦੇ ਮਤਭੇਦਾਂ ਅਤੇ ਵਿਤਕਰਿਆਂ ਤੋਂ ਉੱਪਰ ਉੱਠ ਕੇ, ਜ਼ਮੀਨੀ ਪੱਧਰ 'ਤੇ ਲੋੜਵੰਦਾਂ ਦੀ ਮੱਦਦ ਕਰੀਏ!

**ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।**

# ਸਚੁ ਸੁਣਾਇਸੀ ਸੱਚ ਕੀ ਬੇਲਾ

ਸੁਰਿੰਦਰ ਸਿੰਘ ਰੂਬੀ
ਸੰਪਾਦਕ



## (1) ਪੰਜਾਬ ਵਿਚ ਹੜ੍ਹਾਂ ਕਾਰਨ ਸਥਿਤੀ ਹੋਈ ਬਹੁਤ ਨਾਜ਼ੁਕ

ਪਿਛਲੇ ਲਗਭਗ ਵੀਹ ਦਿਨਾਂ ਤੋਂ ਪੰਜਾਬ ਵਿਚ ਅਤੇ ਉੱਪਰ ਹਿਮਾਚਲ ਦੀਆਂ ਪਹਾੜੀਆਂ ਵਿਚ ਹੋਈ ਲਗਾਤਾਰ ਬਾਰਿਸ਼ ਦੇ ਕਾਰਨ ਮੈਦਾਨਾਂ ਵਿਚ ਚਲਦੇ ਦਰਿਆਵਾਂ ਦਾ ਪਾਣੀ ਬਾਰਿਸ਼ ਕਾਰਨ ਅਤੇ ਪਹਾੜੀ ਇਲਾਕਿਆਂ ਦੇ ਪਾਣੀ ਡੈਮਾਂ ਤੇ ਬਣੀਆਂ ਝੀਲਾਂ ਵਿਚ ਬੇਤਹਾਸ਼ਾ ਆਉਣ ਕਾਰਨ ਪੰਜਾਬ ਦੇ ਪ੍ਰਮੁੱਖ ਤਿੰਨ ਦਰਿਆਵਾਂ ਰਾਵੀ, ਬਿਆਸ ਤੇ ਸਤਲੁਜ ਵਿਚ ਆਏ ਹੜ੍ਹਾਂ ਨੇ ਆਪਣੇ-ਆਪਣੇ ਇਲਾਕਿਆਂ ਵਿਚ ਬੜੀ ਤਬਾਹੀ ਮਚਾਈ ਹੋਈ ਹੈ। ਮੁੱਖ ਤੌਰ ’ਤੇ ਰਾਵੀ ਦਰਿਆ ਦੇ ਮਾਧੋਪੁਰ ਹੈਡਵਰਕਸ ਦੇ ਪੁਲ ਦੇ ਟੁੱਟਣ ਕਾਰਨ, ਉਥੇ ਮੌਜੂਦ ਡੱਕਿਆ ਹੋਇਆ ਪਾਣੀ ਜ਼ਿਲ੍ਹਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੀ ਅਜਨਾਲਾ ਤਹਿਸੀਲ ਦੇ ਨੀਵੇਂ ਪਿੰਡਾਂ ਵਿਚ ਬਹੁਤ ਵੱਡੀ ਮਿਕਦਾਰ ਵਿਚ ਵੜ ਗਿਆ।

ਬਿਆਸ ਦਰਿਆ ਤੇ ਬਣੇ ਪੌਂਗ ਡੈਮ ਤੋਂ ਛੱਡੇ ਪਾਣੀ ਨਾਲ ਭਾਵੇਂ ਸੁਲਤਾਨਪੁਰ ਦੇ ਹਲਕੇ ਵਿਚ ਇਕ ਦੋ ਥਾਂ ਤੋਂ ਅਡਵਾਂਸ ਧੁੱਸੀ ਬੰਨ ਦੇ ਟੁੱਟਣ ਕਾਰਨ ਵੱਡੀ ਧੁਸੀ ਦੇ ਅੰਦਰ-ਅੰਦਰ ਵਸੇ ਲੋਕਾਂ ਦੀ ਖੇਤੀ ਦਾ ਵੱਡੇ ਪੱਧਰ ਤੇ ਨੁਕਸਾਨ ਦੇ ਨਾਲ ਬਣੇ ਪੱਕੇ ਮਕਾਨਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ।

ਭਾਖੜਾ ਡੈਮ ਤੋਂ ਛੱਡੇ ਪਾਣੀ ਨਾਲ ਰੋਪੜ, ਲੁਧਿਆਣਾ ਤੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡਾਂ ਵਿਚ ਪਾਣੀ ਨੇ ਬੜੀ ਤਬਾਹੀ ਲਿਆਂਦੀ ਹੈ।

ਇਸ ਵੇਲੇ ਇਨ੍ਹਾਂ ਇਲਾਕਿਆਂ ਦੇ ਹੜ੍ਹ ਮਾਰੇ ਲੋਕਾਂ ਦੀ ਬਾਂਹ ਫੜਣ ਵਾਲਾ ਸਰਕਾਰੇ ਦਰਬਾਰੇ ਕੋਈ ਨਜ਼ਰ ਨਹੀਂ ਆਉਂਦਾ। ਪੰਜਾਬ ਦਾ ਮੁੱਖ ਮੰਤਰੀ ਬੀਮਾਰੀ ਕਾਰਨ ਹਸਪਤਾਲ ਵਿਚ ਦਾਖਲ ਹੈ ਤੇ ਲੋਕਾਂ ਦੀ ਸਾਰ ਲੈਣ ਲਈ ਲੋਕ ਹੀ ਵੱਡੇ ਪੱਧਰ ਤੇ ਸਾਹਮਣੇ ਆ ਰਹੇ ਹਨ। ਸੂਬਾ ਸਰਕਾਰ



ਮੌਕੇ ਤੇ
ਸਰਕਾ
ਰੀ ਹ ੜ੍ਹ
ਰਾਹਤ
ਫੰਡਾਂ ਨੂੰ
ਨ ਾ
ਵਰਤ
ਕੇ ਕੇਂਦਰ
ਸਰਕਾ
ਰ ਦੇ ਸਿਰ
ਭਾਂਡਾ ਭੰਨ
ਰਹੀ ਹੈ।
ਦਿੱਲੀ ਤੋਂ
ਆ ਾ ਏ

ਮਨੀਸ਼ ਸਿਸੋਦੀਆਂ ਜੀ ਪੰਜਾਬ ਦੇ ਇਨ੍ਹਾਂ ਅਨੁਸਾਰ ਬਣਦੇ ਆਰ.ਡੀ.ਐਫ. ਅਤੇ ਹੋਰ ਬਕਾਇਆ ਦਾ ਜੋ ਤਕਰੀਬਨ 60 ਹਜ਼ਾਰ ਕਰੋੜ ਰੁਪਏ ਬਣਦਾ ਹੈ ਦਾ ਕੇਂਦਰੀ ਸਰਕਾਰ ਵੱਲੋਂ ਭੁਗਤਾਨ ਨਾ ਕਰਨ ਦਾ ਬਹਾਨਾ ਬਣਾ ਕੇ ਆਪਣੀ ਸਰਕਾਰ ਦੀ ਸਿੱਧੀ ਜ਼ਿੰਮੇਵਾਰੀ ਤੋਂ ਭੱਜ ਨਿਕਲੇ ਹਨ।

ਪੰਜਾਬ ਦੀ ਮੌਜੂਦਾ ਸਰਕਾਰ ਫਸਲ ਖਰੀਦ ਵੇਲੇ ਬਣਦੇ ਆਰ.ਡੀ.ਐਫ. ਟੈਕਸ ਅਤੇ ਹੋਰ ਟੈਕਸ ਬਕਾਇਆ ਦੇ ਜੋੜ ਬਣਾ ਕੇ ਕੇਂਦਰ ਵੱਲ 60 ਹਜ਼ਾਰ ਕਰੋੜ ਦਾ ਬਕਾਇਆ ਬਣਾ ਕੇ ਬੈਠੀ ਹੈ। ਜਦੋਂ ਕਿ ਕੇਂਦਰ ਸਰਕਾਰ ਨੇ ਜੀ.ਐਸ.ਟੀ. ਲਾਗੂ ਕਰਨ ਵੇਲੇ ਬੜੀ ਸਪੱਸ਼ਟਤਾ ਨਾਲ ਕਹਿ ਦਿੱਤਾ ਸੀ ਕਿ ਸੂਬਾ ਸਰਕਾਰਾਂ ਜੀ.ਐਸ.ਟੀ. ਦੇ ਨਾਲ ਕੋਈ ਹੋਰ ਕਿਸੇ ਪ੍ਰਕਾਰ ਦਾ ਟੈਕਸ ਨਹੀਂ ਲਗਾਉਣਗੀਆਂ। ਜੀ.ਐਸ.ਟੀ. ਕਾਰਨ ਸਰਕਾਰਾਂ ਦੇ ਘੱਟਣ ਵਾਲੇ ਮਾਲੀਏ ਨੇ ਕੇਂਦਰ ਸਰਕਾਰ ਨੇ ਸਾਰੀਆਂ ਰਾਜ ਸਰਕਾਰਾਂ ਨੂੰ ਲਗਾਤਾਰ 5 ਸਾਲ ਲਈ ਘਾਟੇ ਦੀ ਭਰਪਾਈ ਲਈ ਦੇਣਾ ਸੀ ਜੋ ਕਿ ਹੋਰ ਰਾਜ ਸਰਕਾਰਾਂ ਦੇ ਨਾਲ-ਨਾਲ ਬਣਿਆ ਰਹੇਗਾ, ਸਿਰਫ਼ ਮੂਰਖਤਾ ਹੀ ਕਿਹਾ ਜਾ ਸਕਦਾ ਹੈ।

ਧੁੱਸੀ ਬੰਨ ਅੰਦਰ ਵੀ ਫਸਲੀ ਅਤੇ ਮਕਾਨਾਂ ਦੇ ਨਾਲ-ਨਾਲ ਜਾਨ ਮਾਲ ਦਾ ਨੁਕਸਾਨ ਵੀ ਦੁਖਦਾਇਕ ਹੈ, ਪ੍ਰੰਤੂ ਇਹ ਸੱਚਾਈ ਹੈ ਕਿ ਇਹ ਸਬੰਧਿਤ ਲੋਕਾਂ ਨੇ ਆਪ ਸਹੇੜਿਆ ਹੋਇਆ ਹੈ। ਜਦੋਂ ਵੀ ਵੱਧ ਬਾਰਿਸ਼ਾਂ ਹੋਣਗੀਆਂ ਜਾਂ ਡੈਮਾਂ ਵਿਚ ਪਾਣੀ ਖ਼ਤਰੇ ਦੇ ਨਿਸ਼ਾਨਾਂ ਤੋਂ ਉੱਪਰ ਜਾਵੇਗਾ ਤਾਂ ਅਜਿਹੀ ਸਥਿਤੀ ਦੀ ਸੰਭਾਵਨਾ ਬਣੀ ਰਹੇਗੀ। ਇਹ ਜ਼ਮੀਨਾਂ ਦੀ ਪੱਕੀ ਮਾਲਕੀ ਵੀ ਲੋਕਾਂ ਪਾਸ ਨਹੀਂ ਹੈ, ਸਗੋਂ ਪਿਛਲੀਆਂ ਸਰਕਾਰਾਂ ਵੱਲੋਂ ਹਰੀਜਨਾਂ ਅਤੇ ਹੋਰ ਬੇਜ਼ਮੀਨੇ ਲੋਕਾਂ ਨੂੰ ਕੁਝ ਕੁ ਜ਼ਮੀਨਾਂ ਦੇ ਪਟੇ ਦਿੱਤੇ ਗਏ ਸਨ ਜੋ ਇਹਨਾਂ ਲੋਕਾਂ ਵੱਲੋਂ ਹੌਲੀ-ਹੌਲੀ ਵੱਡੇ ਕਿਸਾਨਾਂ ਨੂੰ ਨਵੇਂ ਪਟੇ ਕਰਕੇ ਅੱਗੇ ਦੇ ਦਿੱਤੀਆਂ ਹੋਈਆਂ ਹਨ। ਪੱਕੀ ਮਾਲਕੀ ਨਾ ਹੋਣ ਕਾਰਨ ਸਰਕਾਰੀ ਮੁਆਵਜ਼ਾ ਵਗੈਰਾ ਲੈਣ ਵਿਚ ਇਨ੍ਹਾਂ ਕੱਚੇ ਮਾਲਕਾਂ ਨੂੰ ਮੁਸ਼ਕਲ ਆਵੇਗੀ। ਸਰਕਾਰਾਂ ਨੂੰ ਧੁਸੀ ਬੰਨ ਦੇ



ਅੰਦਰ ਪੱਕੇ ਮਕਾਨ ਬਨਆਉਣ ਦੇ ਰੁਝਾਨ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਪਾਣੀ ਦੀ ਵੱਧ ਆਮਦ ਕਾਰਨ ਨਾ ਖਰਾਬ ਹੋਣ ਵਾਲੀਆਂ ਫਸਲਾਂ ਬੀਜਣ ਲਈ ਅਜਿਹੇ ਕਿਸਾਨਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।

ਖ਼ੈਰ, ਲੋਕ ਮੁਸ਼ਕਲ ਵਿਚ ਹਨ ਤੇ ਇਸ ਮੁਸ਼ਕਲ ਵਿਚ ਰਾਜ ਅਤੇ ਕੇਂਦਰ ਦੀ ਸਰਕਾਰ ਨੂੰ ਇਹਨਾਂ ਦੀ ਵੱਧ ਤੋਂ ਵੱਧ ਮੱਦਦ ਕਰਨੀ ਚਾਹੀਦੀ ਹੈ।

## (2) ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਚਿੰਤਾਜਨਕ ਘੱਟਦਾ ਦਾਖਲਾ

ਸੰਯੁਕਤ ਜ਼ਿਲ੍ਹਾ ਸੂਚਨਾ ਫਾਰ ਐਜੂਕੇਸ਼ਨ ਪਲੱਸ ਸਾਲ 2024-25 ਦੀ ਰਿਪੋਰਟ ਜਨਤਕ ਕੀਤੀ ਗਈ ਹੈ। ਜਿਸ ਅਨੁਸਾਰ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਦਾਖਲ ਵਿਦਿਆਰਥੀਆਂ ਦੀ ਗਿਣਤੀ ਵਿਚ ਪਿਛਲੇ 11 ਸਾਲਾਂ ਵਿਚੋਂ 2024-25 ਵਿਚ 24.68 ਕਰੋੜ ਦੇ ਲਗਭਗ ਵਿਦਿਆਰਥੀਆਂ ਨੇ ਘੱਟ ਦਾਖਲਾ ਲਿਆ ਹੈ। ਸਰਕਾਰੀ ਅਧਿਕਾਰੀ ਇਸ ਨੂੰ ਘੱਟ ਰਹੀ ਜਨਮ ਦਰ ਨਾਲ ਜੋੜ ਰਹੇ ਹਨ। ਪ੍ਰੰਤੂ ਸਮਾਜਿਕ ਆਰਥਿਕ ਰੁਝਾਨ ਅਤੇ ਅਕਾਦਮਿਕ ਸਰੋਤ ਇਸ ਦੇ ਉਲਟ ਅੰਕੜੇ ਦੱਸਦੇ ਹਨ। ਇਹ ਸੱਚਾਈ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਦਾਖਲੇ ਤਕਰੀਬਨ 60 ਲੱਖ ਵਧੇ ਹਨ ਜਦੋਂ ਕਿ ਸਰਕਾਰੀ ਸਕੂਲਾਂ ਵਿਚ ਇਹ 59 ਲੱਖ ਘਟੇ ਹਨ।

ਭਾਰਤ ਦੇ ਸਕੂਲਾਂ ਲਈ ਅਤੇ ਵਿਦਿਆ ਪ੍ਰਾਪਤੀ ਲਈ ਇਹ ਚੰਗੀ ਖ਼ਬਰ ਹੈ ਕਿ ਭਾਰਤੀ ਸਕੂਲਾਂ ਵਿਚ ਪੜ੍ਹਾ ਰਹੇ ਅਧਿਆਪਕਾਂ ਦੀ ਗਿਣਤੀ 2024-25 ਵਿਚ 1 ਕਰੋੜ ਦਾ ਅੰਕੜਾ ਪਾਰ ਕਰ ਗਈ ਹੈ। ਵਿਦਿਆਰਥੀ ਅਧਿਆਪਕ ਦਾ ਅਨੁਪਾਤ ਵੀ ਕਾਫੀ ਵਧਿਆ ਹੈ ਭਾਵੇਂ ਕਿ ਇਹ ਰਾਸ਼ਟਰੀ ਵਿਦਿਆ ਨੀਤੀ ਦੇ ਨਿਸ਼ਾਨੇ ਤੋਂ ਅਜੇ ਵੀ ਘੱਟ ਹੈ। ਵਿਦਿਆ ਨੀਤੀ ਨਾਲ ਇਹ ਅਧਿਆਪਕ ਵਿਦਿਆਰਥੀ ਵਿਚ 1.30 ਤੱਕ ਦੀ ਹੋਣੀ ਚਾਹੀਦੀ ਹੈ ਜੋ ਕਿ ਅਜੇ ਵੀ ਘੱਟ ਹੈ। ਸਕੂਲ ਵਿਚੇ ਹੀ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟਨਾ ਵੀ ਇਕ ਚੰਗੀ ਖ਼ਬਰ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਸ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਕਿ ਸਰਕਾਰੀ ਸਕੂਲਾਂ ਦੀ ਬਜਾਏ ਮਾਪਿਆਂ ਦਾ ਬੱਚੇ



ਦਾਖਲੇ ਕਰਵਾਉਣ ਦਾ ਰੁਝਾਣ ਪ੍ਰਾਈਵੇਟ ਸਕੂਲਾਂ ਵੱਲ ਕਿਉਂ ਵਧਿਆ ਹੈ। ਜਦੋਂ ਕਿ ਕੇਂਦਰੀ ਸਰਕਾਰ ਦੇ ਬਰੀਕੀ ਨਾਲ ਕਰਵਾਏ ਸਰਵੇ ਅਪ੍ਰੈਲ-ਜੂਨ 2025 ਅਨੁਸਾਰ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਕਰਵਾਏ ਜਾ ਰਹੇ ਬੱਚਿਆਂ ਦੇ ਖਰਚੇ ਸਰਕਾਰੀ ਸਕੂਲਾਂ ਦੇ ਖਰਚੇ ਤੋਂ 9 ਗੁਣਾਂ ਵੱਧ ਹਨ। ਇਸ ਤੋਂ ਸਪੱਸ਼ਟ ਹੈ ਕਿ ਮਾਪੇ ਬੱਚਿਆਂ ਦੀ ਚੰਗੀ ਪੜ੍ਹਾਈ ਲਈ ਆਪਣੇ ਵਿੱਤ ਤੋਂ ਬਾਹਰੀ ਖਰਚ ਕਰ ਰਹੇ ਹਨ ਜਦੋਂ ਕਿ ਕੇਂਦਰੀ ਸਿੱਖਿਆ ਨੀਤੀ ਦੀ ਸਭ ਨੂੰ ਚੰਗੀ ਤੇ ਸਸਤੀ ਪੜ੍ਹਾਈ ਮੁਹੱਈਆ ਕਰਵਾਉਣ ਦੇ ਇਹ ਮੁੱਢਲੇ ਸਿਧਾਂਤ ਦੇ ਉਲਟ ਹੈ।

ਸਰਕਾਰਾਂ ਨੂੰ ਵਿਦਿਆਰਥੀ ਅਧਿਆਪਕ ਦੇ ਵੱਧ ਰਹੇ ਅਨੁਪਾਤ ਅਤੇ ਸਕੂਲ ਛੱਡਣ ਵਾਲੇ ਬੱਚਿਆਂ ਦੀ ਘੱਟ ਰਹੀ ਗਿਣਤੀ ਨੂੰ ਚੰਗੀ ਸਿੱਖਿਆ ਦੇਣ ਲਈ ਹਾਂ-ਪੱਖੀ ਵਰਤਣਾ ਚਾਹੀਦਾ ਹੈ ਅਤੇ ਸੁਯੋਗ ਪ੍ਰਬੰਧ ਕਰਨਾ ਚਾਹੀਦਾ ਹੈ।

### (3) ਐਸ.ਸੀ.ਓ. ਸਿਖ਼ਰ ਸੰਮੇਲਨ ਦੇ ਪ੍ਰਭਾਵ

ਚੀਨ ਦੇ ਤਿਆਨਜਿੰਨ ਸ਼ਹਿਰ ਵਿਚ ਹੋਏ ਐਸ.ਸੀ.ਓ. ਸਿਖਰ ਸੰਮੇਲਨ ਦੀ ਸਮਾਪਤੀ ਤੇ ਵਿਸ਼ਵ ਦੇ ਵੱਖ-ਵੱਖ ਧਰੁਵਾਂ ਦੇ ਆਪਸੀ ਨੇੜੇ-ਨੇੜੇ ਆਉਣ ਦੇ ਸੰਕੇਤ ਮਿਲੇ ਹਨ। ਇਹ ਪੱਛਮੀ ਅਗਵਾਈ ਵਾਲੇ ਯੂਰੋ ਕੇਂਦਰਿਤ ਗੱਠਜੋੜ ਜੋ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੁਨੀਆਂ ਵਿਚ ਆਪਣੀ ਪਕੜ ਮਜਬੂਤ ਕਰਨ ਤੇ ਕੇਂਦਰਿਤ ਰਹਿੰਦਾ ਹੈ, ਦੀ ਅਧੀਨਗੀ ਤੋਂ ਬਾਹਰ ਆ ਕੇ ਪ੍ਰਭੂਸੱਤਾ ਪ੍ਰਾਪਤ ਆਪਣੀ ਪ੍ਰਭੂਸੱਤਾ ਨੂੰ ਕਾਇਮ ਰੱਖਦੇ ਹੋਏ ਦੇਸ਼ਾਂ ਵੱਲੋਂ ਇਸ ਗੱਠਜੋੜ ਤੋਂ ਬਾਹਰ ਆਉਣ ਦੇ ਸੰਕੇਤ ਦਿੰਦਾ ਹੋਇਆ ਸਮਾਪਤ ਹੋਇਆ ਹੈ।

ਪੱਛਮ ਇਹਨੂੰ ਭਾਵੇਂ ਬਿਨਾਂ ਪ੍ਰਭਾਵ ਵਾਲੀ ਖੇਤਰੀ ਸੁਰੱਖਿਆ ਜੁੰਡਲੀ ਕਹਿ ਕੇ ਟਾਲਣ ਦੀ ਕੋਸ਼ਿਸ਼ ਕਰੇਗਾ ਪ੍ਰੰਤੂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਧੇਰੇ ਵਿਉਪਾਰਕ ਟੈਕਸ ਲਾਉਣ ਦੀ ਨੀਤੀ ਨਾਲ ਅਸਰਦਾਇਕ ਦੇਸ਼ਾਂ ਵੱਲੋਂ ਇਕ ਜਗ੍ਹਾ ਇਕੱਠੇ ਹੋਣਾ ਜਿਸ ਵਿਚ ਚੀਨ, ਰੂਸ ਤੇ ਭਾਰਤ ਪ੍ਰਮੁੱਖ ਹਨ, ਵੱਲੋਂ ਐਸ.ਸੀ.ਓ. ਸਿਖ਼ਰ ਸੰਮੇਲਨ ਵਿਚ ਇਕ ਨਵੀਂ ਵਿਸ਼ਵ ਰਾਜਨੀਤਕ ਭਾਈਵਾਲੀ ਨੂੰ ਉਜਾਗਰ ਕਰਦਾ ਹੈ। ਮੁੱਖ ਰੂਪ ਵਿਚ ਭਾਰਤੀ, ਚੀਨੀ ਤੇ ਰੂਸੀ ਨੇਤਾਵਾਂ ਤੇ ਹੀ ਸਭ ਦੀਆਂ ਨਜ਼ਰਾਂ ਸਨ। ਇਹ ਸਹੀ ਹੈ ਕਿ ਸਮੇਂ ਦੀ ਲੋੜ ਮੁਤਾਬਿਕ ਭਾਰਤ ਦੀ ਚੀਨ ਨਾਲ ਨੇੜਤਾ ਮਹੱਤਵਪੂਰਨ ਹੈ। ਪ੍ਰੰਤੂ ਭਾਰਤ ਦੀ ਚੀਨ ਪ੍ਰਤੀ ਪਹੁੰਚ ਚੀਨ ਦੀ ਪਹਿਲਾਂ ਧੋਖਾ ਦੇਣ ਦੀ ਨੀਤੀ, ਸਰਹੱਦੀ ਵਿਵਾਦ ਅਤੇ ਫੌਜ ਦੀ ਤੈਨਾਤੀ ਦੇ ਸੰਦਰਭ ਨੂੰ ਭਾਰਤ ਅੱਖੋਂ

● ● ●

**ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।**

# ਪੰਜਾਬ 'ਚ ਹੜ੍ਹਾਂ ਦਾ ਕਹਿਰ ਸਥਾਈ ਹੱਲ ਦੀ ਜ਼ਰੂਰਤ






ਕਾਹਨ ਸਿੰਘ ਪੰਨੂ
ਸਾਬਕਾ ਆਈ.ਐੱਸ.
ਅਧਿਕਾਰੀ
ਮੋ. 94171-11922


ਪੰਜਾਬ ਦੇ ਜੰਮਿਆਂ ਨੂੰ ਅੱਜਕਲ੍ਹ ਇਕ ਹੋਰ ਮੁਸੀਬਤ ਨਾਲ ਸਿੱਝਣਾ ਪੈ ਰਿਹਾ ਹੈ।2025 ਦੇ ਅਗਸਤ-ਸਤੰਬਰ ਮਹੀਨੇ 'ਚ ਹੋਈਆਂ ਬਾਰਿਸ਼ਾਂ ਕਾਰਨ ਪੰਜਾਬ, ਹੜ੍ਹਾਂ ਦੀ ਮਹਾਂ ਤਰਾਸਦੀ ਦਾ ਸ਼ਿਕਾਰ ਹੋਇਆ ਹੈ।ਸਾਲ 2023 ਵਿਚ ਵੀ ਜੁਲਾਈ ਮਹੀਨੇ ਇਸੇ ਤਰ੍ਹਾਂ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ ਸੀ।

ਵਾਤਾਵਰਨ ਵਿਚ ਹੋ ਰਹੀ ਤਬਦੀਲੀ ਕਾਰਨ ਪਹਾੜਾਂ ਅਤੇ ਮੈਦਾਨਾਂ ਵਿਚ ਪੈਂਦੇ ਮੂਸਲੇਧਾਰ ਮੀਂਹ ਅਤੇ ਬੱਦਲ ਫਟਣ ਦੀਆਂ ਮਨੁੱਖੀ ਕੰਟਰੋਲ ਤੋਂ ਬਾਹਰ ਹੋ ਵਾਪਰਦੀਆਂ ਕੁਦਰਤੀ ਘਟਨਾਵਾਂ ਮੁੱਖ ਤੌਰ 'ਤੇ ਹੜ੍ਹਾਂ ਦਾ ਕਾਰਨ ਬਣ ਰਹੀਆਂ ਹਨ। ਪੰਜਾਬ ਵਾਸੀਆਂ ਦੇ ਚੇਤੇ ਵਿਚ ਸਤੰਬਰ 1947, ਅਕਤੂਬਰ 1955, ਜੁਲਾਈ 1988, ਸਤੰਬਰ 1993 ਦੇ ਹੜ੍ਹਾਂ ਵਲੋਂ ਵੱਡੇ ਪੱਧਰ ਦੇ ਕੀਤੀ ਤਬਾਹੀ ਦੀਆਂ ਯਾਦਾਂ ਅਜੇ ਵੀ ਕਈ ਵਾਰੀ ਤਾਜ਼ੀਆਂ ਹੋ ਜਾਂਦੀਆਂ ਹਨ।

ਪੰਜਾਬ ਵਿਚ ਬਰਸਾਤਾਂ ਦੇ ਚੁਮਾਸੇ ਵਿਚ ਹੜ੍ਹ ਆਉਣ ਦੇ ਦੋ ਮੁੱਖ ਕਾਰਨ ਹੁੰਦੇ ਹਨ।ਇਕ ਜਦੋਂ ਸਣੇ ਪਹਾੜਾਂ ਦੇ ਪੰਜਾਬ ਦੀ ਧਰਤੀ 'ਤੇ ਵੀ ਬਹੁਤ ਵੱਡੇ ਪੱਧਰ ਤੇ ਬਰਸਾਤ ਹੋਵੇ ਜਿਵੇਂ ਕਿ 1955, 1988 ਅਤੇ 1993 ਦੇ ਸਾਲਾਂ ਵਿਚ ਹੋਈ ਸੀ।ਸੰਨ 1955 ਦੇ ਤਿੰਨ, ਚਾਰ ਅਤੇ ਪੰਜ ਅਕਤੂਬਰ ਨੂੰ ਪੰਜਾਬ ਵਿਚ ਲਗਾਤਾਰ ਹੋਈ ਬਰਸਾਤ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਸੀ। ਲੋਕਾਂ ਨੂੰ ਯਾਦ ਹੈ ਕਿ ਜਗਰਾਵਾਂ ਦੇ ਇਲਾਕੇ ਤੋਂ ਤੁਰਿਆ ਦਰਿਆਨੁਮਾ ਪਾਣੀ ਜਦੋਂ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਦੇ ਇਲਾਕੇ 'ਚ ਪਹੁੰਚਿਆ ਤਾਂ ਇਸ ਦੀ ਛੱਲ ਦੋ ਗਜ਼ ਉੱਚੀ ਸੀ ਅਤੇ ਇਹ ਪਾਣੀ, ਜੋ ਵੀ ਰਸਤੇ 'ਚ ਆਇਆ, ਉਸ ਨੂੰ ਆਪਣੇ ਨਾਲ ਵਹਾ ਕੇ ਲੈ ਗਿਆ। ਲੋਕਾਂ ਵਿਚ ਕਹਾਵਤ ਬਣੀ ਸੀ ਕਿ 'ਪਾਣੀ ਆ ਗਿਆ ਮੱਲ੍ਹ ਮਲੂਕੇ, ਕੁੱਤੇ ਚੰਦ ਭਾਨ ਦੇ ਕੂਕੇ।' ਭਾਵੇਂ ਕਿ ਮੱਲ੍ਹ ਮਲੂਕੇ ਤੋਂ ਚੰਦ ਭਾਨ ਦੀ ਦੂਰੀ 11 ਕਿਲੋਮੀਟਰ ਦੀ ਸੀ, ਪਰ ਫਿਰ ਵੀ ਹੜ੍ਹ ਦੇ ਪਾਣੀ ਦੀ ਸਰਸਰਾਹਟ ਏਨੀ ਉੱਚੀ ਸੀ ਕਿ 11 ਕਿਲੋਮੀਟਰ ਦੂਰ ਕੁੱਤਿਆਂ ਨੂੰ ਪਤਾ ਲੱਗ ਗਿਆ ਸੀ। 1947 ਦੇ ਸਤੰਬਰ ਮਹੀਨੇ ਦੇ ਹੜ੍ਹ ਤੋਂ ਬਾਅਦ 1955 ਦਾ ਅਜਿਹਾ ਹੜ੍ਹ ਸੀ ਜੋ ਅਜੇ ਪੰਜਾਬ ਦੇ ਦਰਿਆਵਾਂ 'ਤੇ ਡੈਮ ਬਣਨ ਤੋਂ ਪਹਿਲਾਂ ਆਇਆ ਸੀ ਅਤੇ ਇਸ ਨੇ ਬਹੁਤ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਤਬਾਹੀ ਕੀਤੀ ਸੀ।

1955 ਦੇ ਹੜ੍ਹਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਸਰਦਾਰ ਪਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਦੀ ਅਗਵਾਈ ਹੇਠ ਬਹੁਤ ਵੱਡੀ ਪੂੰਜੀ ਖਰਚ ਕੇ



ਵੱਡੇ ਪੱਧਰ ਤੇ ਪੰਜਾਬ ਵਿਚ ਡਰੇਨਾਂ ਕੱਢੀਆਂ ਸਨ ਅਤੇ ਦਰਿਆਵਾਂ 'ਤੇ ਧੁੱਸੀ ਬੰਨ੍ਹ ਬਣਾਏ ਸਨ।

ਕਿਉਂਕਿ ਪੰਜਾਬ ਦਾ ਸਾਰਾ ਖਿੱਤਾ ਇਸ ਦੇ ਚਾਰ ਦਰਿਆਵਾਂ ਰਾਵੀ, ਬਿਆਸ, ਸਤਲੁਜ ਅਤੇ ਘੱਗਰ ਦਾ ਬੇਸਿਨ ਹੈ, ਇਸ ਲਈ ਪੰਜਾਬ ਦੇ ਕੁਦਰਤੀ ਪਾਣੀ ਦੇ ਵਹਾਅ ਦੇ ਸਾਰੇ ਸਰੋਤ ਜਿਵੇਂ ਕਿ ਨਾਲੇ, ਡਰੇਨਾਂ, ਚੋਆਂ, ਰਾਉ ਆਦਿ ਅਲੱਗ-ਅਲੱਗ ਭੂਗੋਲਿਕ ਸਥਿਤੀ ਅਨੁਸਾਰ ਕਿਸੇ ਇਕ ਜਾਂ ਦੂਜੇ ਦਰਿਆ ਵਿਚ ਜਾ ਕੇ ਡਿਗਦੇ ਹਨ। ਮੌਸਮੀ ਤਬਦੀਲੀਆਂ ਕਾਰਨ ਪੰਜਾਬ ਦੇ ਦਰਿਆਵਾਂ ਦਾ ਪਹਾੜੀ ਕੈਚਮੈਂਟ ਏਰੀਆ ਜੋ ਕਿ ਹਿਮਾਚਲ ਅਤੇ ਜੰਮੂ ਦੀਆਂ ਉੱਚੀਆਂ ਪਹਾੜੀਆਂ ਵਿਚ ਪੈਂਦਾ ਹੈ ਜਿੱਥੇ ਕਈ ਵਾਰ ਇਕਦਮ ਬਹੁਤ ਜ਼ਿਆਦਾ ਮੀਂਹ ਪੈ ਜਾਣ ਕਾਰਨ ਦਰਿਆਵਾਂ ਵਿਚ ਇਕਦਮ ਮਣਾਂ ਮੂੰਹੀਂ ਪਾਣੀ ਆ ਜਾਂਦਾ ਹੈ। ਇਸ ਵਾਰ ਮਿਤੀ 28 ਅਗਸਤ ਨੂੰ ਜੰਮੂ ਵਿਚ 380 ਮਿਲੀਮੀਟਰ ਬਰਸਾਤ ਇਕ ਦਿਨ ਵਿਚ ਹੋਈ ਜਿਸ ਨਾਲ ਰਾਵੀ ਦਰਿਆ ਪੂਰੇ ਉਫਾਨ 'ਤੇ ਆਇਆ। ਦੱਸਣਯੋਗ ਹੈ ਕਿ ਪੰਜਾਬ ਵਿਚ ਸਾਰੇ ਸਾਲ ਵਿਚ ਔਸਤ 550 ਮਿਲੀ ਮੀਟਰ ਬਰਸਾਤ ਪੈਂਦੀ ਹੈ। ਦੂਜੇ ਪਾਸੇ ਕਈ ਵਾਰ ਪਾਣੀ ਦਾ ਭਾਰ ਨਾ ਸਹਾਰਦੇ ਹੋਏ ਬੱਦਲ ਫਟ ਜਾਂਦੇ ਹਨ ਜਿਸ ਕਾਰਨ ਇਕਦਮ ਅਣਕਿਆਸੀ ਬਰਸਾਤ ਹੋ ਜਾਂਦੀ ਹੈ ਜਿਵੇਂ ਕਿ ਹਿਮਾਚਲ ਦੇ ਕੁੱਲੂ ਸ਼ਹਿਰ ਨੇੜੇ ਬੀਤੇ ਅਗਸਤ ਮਹੀਨੇ 'ਚ ਕਈ ਵੇਰ ਹੋਇਆ ਜਿਸ ਨਾਲ ਬਿਆਸ ਦਰਿਆ ਵਿਚ ਬੇਤਹਾਸ਼ਾ ਪਾਣੀ ਆਇਆ। ਦੋਵੇਂ ਹਾਲਾਤ ਵਿਚ ਇਕਦਮ ਡਿੱਗਿਆ ਵੱਡੇ ਅਸਮਾਨੀ





ਦਿਓ ਰੂਪੀ ਪਾਣੀ ਦਾ ਗੁਬਾਰਾ ਪਹਾੜੀ ਗਾਰ, ਪੱਥਰ ਆਦਿ ਨੂੰ ਧੱਕਦਾ ਹੋਇਆ ਦਰਿਆਵਾਂ ਰਾਹੀਂ ਡੈਮਾਂ ਨੂੰ ਚੀਰਦਾ ਹੋਇਆ ਪੰਜਾਬ ਦੇ ਮੈਦਾਨੀ ਖੇਤਰਾਂ ਵਿਚ ਪ੍ਰਵੇਸ਼ ਕਰ ਗਿਆ ਜੋ ਕਿ ਅੱਗੇ ਦਰਿਆਵਾਂ ਦੇ ਬੰਨ੍ਹਾਂ ਅਤੇ ਕੰਢਿਆਂ ਨੂੰ ਤੋੜਦਾ ਹੋਇਆ ਆਪਣੀ ਗਤੀ-ਭਰਪੂਰ ਤਾਕਤ ਨਾਲ ਰਸਤੇ ਵਿਚ ਆਉਂਦੇ ਹਰੇਕ ਢਾਂਚੇ ਅਤੇ ਰੋਕਾਂ ਨੂੰ ਵਹਾ ਕੇ ਲੈ ਜਾਂਦਾ ਰਿਹਾ ਹੈ।

**ਪੰਜਾਬ ਦੇ ਦਰਿਆਵਾਂ ਦੇ ਕੁਦਰਤੀ ਵਹਾਅ ਦਾ ਵਿਗਿਆਨ :** ਦਰਿਆਵਾਂ ਵਿਚ ਸਦੀਆਂ ਤੋਂ ਵਗਦਾ ਪਾਣੀ ਕੁਦਰਤ ਦੇ ਅਸੂਲਾਂ ਅਨੁਸਾਰ ਚਲਦਾ ਹੈ। ਸਤਲੁਜ ਦਰਿਆ ਵਿਚ ਵਗਦੇ ਪਾਣੀ ਪਿਛਲੇ ਵਿਗਿਆਨ ਨੂੰ ਦੇਖਿਆ ਜਾਣਾ ਦਰੁਸਤ ਹੋਵੇਗਾ। ਸੰਨ 1926 ਵਿਚ ਸਤਲੁਜ ਵੈਲੀ ਪ੍ਰੋਜੈਕਟ ਬਣਾਇਆ ਗਿਆ ਸੀ, ਜਿਸ ਦੇ ਨਿਵਾਣਾਂ ਅਤੇ ਦੂਰੀ ਸੰਬੰਧੀ ਅੰਕੜੇ ਉਪਲੱਬਧ ਹਨ।

ਰੋਪੜ ਹੈੱਡਵਰਕਸ ਤੋਂ ਫਿਲੌਰ ਦੇ ਪੁੱਲ ਤੱਕ 55 ਮੀਲ ਦੀ ਦੂਰੀ ਤੱਕ ਸਤਲੁਜ ਦਰਿਆ ਦੀ ਨਿਵਾਣ 1.78 ਫੁੱਟ ਪ੍ਰਤੀ ਮੀਲ ਹੈ ਅਤੇ ਇਸ ਤੋਂ ਅੱਗੇ ਹਰੀਕੇ ਹੈੱਡਵਰਕਸ ਤੱਕ ਇਹ ਨਿਵਾਣ 1.50 ਫੁੱਟ ਪ੍ਰਤੀ ਮੀਲ ਹੈ।

ਇਸੇ ਤਰ੍ਹਾਂ ਹਰੀਕੇ ਤੋਂ ਫਿਰੋਜ਼ਪੁਰ ਹੈੱਡਵਰਕਸ ਤੱਕ 32 ਮੀਲ ਵਿਚ ਇਹ ਨਿਵਾਣ 1.1 ਫੁੱਟ ਪ੍ਰਤੀ ਮੀਲ ਹੈ ਅਤੇ ਉਸ ਤੋਂ ਹੇਠਾਂ ਹੁਸੈਨੀਵਾਲਾ ਹੈੱਡਵਰਕਸ ਤੋਂ ਸੁਲੇਮਾਨਕੀ ਹੈੱਡਵਰਕਸ (ਪਾਕਿਸਤਾਨ) ਤੱਕ 78 ਮੀਲ ਦੀ ਦੂਰੀ 'ਤੇ ਇਹ ਨਿਵਾਣ ਲਗਭਗ 1.00 ਫੁੱਟ ਪ੍ਰਤੀ ਮੀਲ ਹੈ। ਉਕਤ ਤੋਂ ਸਪੱਸ਼ਟ ਹੈ ਕਿ ਪੰਜਾਬ ਵਿਚ ਦਰਿਆਵਾਂ ਦੀ ਨਿਵਾਣ/ਢਲਾਣ ਬਹੁਤ ਘੱਟ ਹੋਣ ਕਾਰਨ ਇਨ੍ਹਾਂ ਵਿਚ ਹੜ੍ਹ ਦੇ ਪਾਣੀ ਦਾ ਵਹਾਅ ਹਮੇਸ਼ਾ ਇਕ ਚੁਣੌਤੀ ਬਣਿਆ ਰਹਿੰਦਾ ਹੈ।

**ਦਰਿਆਵਾਂ ਵਿਚ ਰੇਤਾ - ਇਕ ਚੁਣੌਤੀ - ਇਕ ਮੌਕਾ :** ਜਦੋਂ ਇਕ ਡੈਮ/ ਹੈੱਡਵਰਕਸ ਤੋਂ ਨਿਕਲ ਕੇ ਦਰਿਆ ਦਾ ਪਾਣੀ ਦੂਜੇ ਹੈੱਡਵਰਕਸ ਵੱਲ ਚਲਦਾ ਹੈ ਤਾਂ ਇਹ ਆਪਣੀ ਤਾਕਤ ਨਾਲ ਦਰਿਆ ਦੀ ਮਿੱਟੀ ਵੀ ਆਪਣੇ ਨਾਲ ਖੋਰ ਕੇ ਲੈ ਜਾਂਦਾ ਹੈ ਅਤੇ ਅੱਗੇ ਜਾ ਕੇ ਅਗਲੇ ਹੈੱਡਵਰਕਸ ਤੋਂ ਪਹਿਲਾਂ ਜਦੋਂ ਇਸ ਪਾਣੀ ਦੀ ਸਪੀਡ ਘਟਦੀ ਹੈ ਤਾਂ ਦਰਿਆ ਦਾ ਇਹ ਪਾਣੀ ਮਿੱਟੀ ਨੂੰ ਉੱਥੇ ਛੱਡ ਦਿੰਦਾ ਹੈ। ਇਸ ਤਰ੍ਹਾਂ ਹੇਠਲੇ ਹੈੱਡਵਰਕਸ ਦੇ ਗੇਟਾਂ ਤੋਂ ਪਹਿਲਾਂ ਬਣੀ ਝੀਲ ਵਿਚ ਮਿੱਟੀ/ਗਾਰ ਜਮ੍ਹਾਂ ਹੁੰਦੀ ਰਹਿੰਦੀ ਹੈ ਅਤੇ ਹੌਲੀ ਹੌਲੀ ਇਹ ਅਜਿਹੇ ਹੈੱਡਵਰਕਸ ਤੋਂ ਉੱਪਰ ਵਾਲੇ ਪਾਸੇ ਨੂੰ ਦਰਿਆ ਵਿਚ ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦੀ ਹੈ। ਇਕ ਸਮੇਂ ਤੋਂ ਬਾਅਦ ਇਨ੍ਹਾਂ ਦੋਵਾਂ ਹੈੱਡਵਰਕਸ ਦੇ ਖਿੱਤੇ ਵਿਚਕਾਰ ਹੇਠਲੇ ਹੈੱਡਵਰਕਸ ਤੋਂ ਪਹਿਲਾਂ ਜਮ੍ਹਾਂ ਹੋਈ ਮਿੱਟੀ ਅਤੇ ਉੱਪਰਲੇ ਹੈੱਡਵਰਕਸ ਤੋਂ ਹੇਠਲੇ ਪਾਸੇ ਵੱਲ ਚੁੱਕੀ ਹੋਈ ਮਿੱਟੀ ਇਕ ਬਰਾਬਰੀ 'ਤੇ ਆ ਜਾਂਦੀ ਹੈ ਅਤੇ ਦਰਿਆ ਦਾ ਇਹ ਹੀ ਉਹ ਹਿੱਸਾ ਹੁੰਦਾ ਹੈ ਜਿੱਥੇ ਹਰੇਕ ਹੜ੍ਹ ਦੇ ਸਮੇਂ ਦਰਿਆਵਾਂ ਦੇ ਧੁੱਸੀ ਬੰਨ੍ਹ ਟੁੱਟਦੇ ਹਨ ਕਿਉਂਕਿ ਇਨ੍ਹਾਂ ਥਾਵਾਂ 'ਤੇ ਦਰਿਆ ਦੇ ਪਾਣੀ ਲੰਘਣ ਲਈ ਲੋੜੀਂਦੀ ਡੂੰਘਾਈ ਨਹੀਂ ਬਚਦੀ।

ਸਤਲੁਜ ਦਰਿਆ ਦਾ ਨੰਗਲ ਡੈਮ ਤੋਂ ਛੱਡਿਆ ਪਾਣੀ ਅਨੰਦਪੁਰ ਸਾਹਿਬ ਨੇੜਲੇ ਇਲਾਕੇ ਵਿਚ ਆਪਣਾ ਰੇਤਾ ਛੱਡ ਦਿੰਦਾ ਹੈ ਜਿੱਥੇ ਦਰਿਆ ਦਾ ਤਲ ਉੱਚਾ ਹੋ ਜਾਣ ਕਾਰਨ ਅਤੇ ਹਿਮਾਚਲ ਵਲੋਂ ਆਉਂਦੇ ਸਵਾਂ ਨਦੀ ਦੇ ਪਾਣੀ ਕਾਰਨ ਇਲਾਕੇ ਨੂੰ ਹੜ੍ਹ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ।

ਰੋਪੜ ਹੈੱਡਵਰਕਸ ਤੋਂ ਛੱਡਿਆ ਦਰਿਆ ਸਤਲੁਜ ਦਾ ਪਾਣੀ ਫਿਲੌਰ ਤੱਕ ਦਰਿਆ ਦੀ ਮਿੱਟੀ ਖੋਰਦਾ ਹੈ ਅਤੇ ਫਿਲੌਰ ਤੋਂ ਗਿੱਦੜ ਪਿੰਡੀ ਤੋਂ ਕੁਝ ਕਿਲੋਮੀਟਰ ਉੱਪਰ ਤੱਕ ਸ਼ਾਂਤ ਚਲਦਾ ਹੈ ਪਰ ਗਿੱਦੜ ਪਿੰਡੀ ਅਤੇ ਯੂਸਫ਼ਪੁਰ ਪਿੰਡ ਨੇੜੇ ਆਪਣੇ ਪਾਣੀ ਨਾਲ ਲਿਆਂਦੀ ਮਿੱਟੀ ਨੂੰ ਦਰਿਆ ਦੀ ਸਤਹਿ 'ਤੇ ਛੱਡਦਾ ਹੋਇਆ ਹਰੀਕੇ ਪਹੁੰਚਦਾ ਹੈ। ਗਿੱਦੜ ਪਿੰਡੀ ਦੇ ਇਲਾਕੇ ਵਿਚ ਇਸ ਤਰ੍ਹਾਂ ਛੱਡੀ ਮਿੱਟੀ ਕਾਰਨ ਉੱਚਾ ਹੋਇਆ ਦਰਿਆ ਦਾ ਤਲ ਇਸ ਇਲਾਕੇ ਵਿਚ ਹੜ੍ਹਾਂ ਦਾ ਕਾਰਨ ਬਣਦਾ ਹੈ। ਦੇਖਿਆ ਜਾ ਸਕਦਾ ਹੈ ਕਿ ਗਿੱਦੜ ਪਿੰਡੀ ਵਾਲੇ ਰੇਲਵੇ ਪੁਲ ਦੇ ਹੇਠਾਂ ਪਿਛਲੇ 50 ਸਾਲਾਂ ਵਿਚ 20 ਫੁੱਟ ਦੇ ਕਰੀਬ ਰੇਤਾ ਜਮ੍ਹਾਂ ਹੋਇਆ ਹੈ।

ਇਸੇ ਤਰ੍ਹਾਂ ਗੋਇੰਦਵਾਲ ਸਾਹਿਬ ਦੇ ਪੁਲ ਅਤੇ ਘਰਕਾ, ਮੁੰਡਾ ਪਿੰਡ ਦੇ ਨੇੜਲੇ ਇਲਾਕੇ ਵਿਚ ਵਗਦੇ ਬਿਆਸ ਦਰਿਆ ਵਿਚ ਕਈ ਫੁੱਟ ਤੱਕ ਹਰੀਕੇ ਹੈੱਡਵਰਕਸ ਬਣਨ ਤੋਂ ਬਾਅਦ, ਰੇਤ ਜਮ੍ਹਾ ਹੋਈ ਹੈ ਜੋ ਕਿ ਭਾਰੀ ਬਰਸਾਤਾਂ ਵਿਚ ਪੌਂਗ ਡੈਮ ਵਿਚੋਂ ਛੱਡੇ ਪਾਣੀ ਕਰਨ ਤਬਾਹੀ ਦਾ ਕਾਰਨ ਬਣਦੀ ਹੈ।

ਫਿਰੋਜ਼ਪੁਰ ਹੈੱਡਵਰਕਸ ਜੋ ਕਿ ਸੰਨ 1928 ਵਿਚ ਬਣਾਇਆ ਗਿਆ ਸੀ, ਦੀ ਪਾਣੀ ਭੰਡਾਰਨ ਸਮਰੱਥਾ 24, 000 ਏਕੜ ਫੁੱਟ (ਇਕ ਏਕੜ ਵਿਚ ਇਕ ਫੁੱਟ ਪਾਣੀ ਖੜ੍ਹਾ ਕੀਤਾ ਜਾਵੇ ਤਾਂ ਇਕ ਏਕੜ ਫੁੱਟ ਬਣਦਾ ਹੈ) ਰੱਖੀ ਗਈ ਸੀ। ਪਰ ਲਗਾਤਾਰ ਗਾਰ/ਰੇਤ ਦੇ ਜਮ੍ਹਾਂ ਹੋਣ ਕਾਰਨ ਅੱਜ ਕੱਲ੍ਹ ਇਸ ਦੀ ਪਾਣੀ ਭੰਡਾਰਨ ਦੀ ਸਮਰੱਥਾ ਬਹੁਤ ਹੀ ਘਟ ਕੇ ਕੇਵਲ 5000 ਏਕੜ ਫੁੱਟ ਦੇ ਕਰੀਬ ਹੀ ਰਹਿ ਗਈ ਹੈ। ਇਸੇ ਤਰ੍ਹਾਂ ਹਰੀਕੇ ਹੈੱਡਵਰਕਸ ਜੋ ਕਿ ਸੰਨ 1955 ਵਿਚ ਬਣਾਇਆ ਗਿਆ ਸੀ ਅਤੇ ਇਸਦੀ ਪਾਣੀ ਭੰਡਾਰ ਕਰਨ ਦੀ ਸਮਰੱਥਾ 67, 900 ਏਕੜ ਫੁੱਟ ਰੱਖੀ ਗਈ ਸੀ। ਲਗਾਤਾਰ ਗਾਰ ਜਮ੍ਹਾਂ ਹੋਣ ਕਾਰਨ ਇਸ ਦੀ ਸਮਰੱਥਾ ਲਗਭਗ 10,000 ਏਕੜ ਫੁੱਟ ਰਹਿ ਗਈ ਹੈ।

**ਦਰਿਆ ਅਤੇ ਡੈਮ** : ਭਾਰੀ ਬਰਸਾਤਾਂ ਸਮੇਂ ਸਤਲੁਜ ਦਰਿਆ 'ਤੇ ਬਣੇ ਭਾਖੜਾ ਡੈਮ, ਬਿਆਸ ਦਰਿਆ 'ਤੇ ਬਣੇ ਪੌਂਗ ਡੈਮ ਅਤੇ ਰਾਵੀ ਦਰਿਆ 'ਤੇ ਬਣੇ ਰਣਜੀਤ ਸਾਗਰ ਡੈਮ ਵਲੋਂ ਫਾਲਤੂ ਪਾਣੀ ਦਰਿਆਵਾਂ ਵੱਲ ਛੱਡਿਆ ਜਾਂਦਾ ਹੈ ਕਿਉਂਕਿ ਅਣਕਿਆਸੀਆਂ ਭਾਰੀ ਬਰਸਾਤਾਂ ਸਮੇਂ ਜੇਕਰ ਡੈਮਾਂ ਵਲੋਂ ਪਰੋਟੋਕੋਲ ਮੁਤਾਬਕ ਪਾਣੀ ਨਾ ਛੱਡਿਆ ਜਾਵੇ ਤਾਂ ਡੈਮ ਟੁੱਟਣ ਦਾ ਖ਼ਤਰਾ ਖੜ੍ਹਾ ਹੋ ਜਾਂਦਾ ਹੈ ਜੋ ਕਿ ਬਹੁਤ ਵੱਡੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਪਿਛਲੇ ਸਮੇਂ ਵਿਚ ਸੰਨ 1947, 1955, 1988 ਅਤੇ 1993 ਦੇ ਹੜ੍ਹਾਂ ਦੌਰਾਨ ਦਰਿਆਵਾਂ ਵਿਚ ਹੈੱਡਵਰਕਸ/ ਡੈਮਾਂ ਵਲੋਂ ਛੱਡੇ ਗਏ ਪਾਣੀ ਦੀ ਮਿਕਦਾਰ ਤੋਂ ਮੌਜੂਦਾ ਸਮੇਂ ਹੜ੍ਹਾਂ ਨਾਲ ਹੋ ਰਹੀ ਤਬਾਹੀ ਬਾਰੇ ਤਸਵੀਰ ਸਾਹਮਣੇ ਆ ਜਾਂਦੀ ਹੈ। ਸਤੰਬਰ 1947 ਵਿਚ ਪਈ ਭਾਰੀ ਬਰਸਾਤ ਕਰਕੇ 26 ਸਤੰਬਰ ਨੂੰ ਸਤਲੁਜ ਦਰਿਆ ਦੇ ਰੋਪੜ ਹੈੱਡਵਰਕਸ ਤੋਂ 4.90 ਲੱਖ ਕਿਊਸਿਕ ਪਾਣੀ ਹੇਠਾਂ ਵੱਲ ਲੰਘਿਆ ਜੋ ਕਿ ਦੋ ਦਿਨਾਂ ਬਾਅਦ 28 ਸਤੰਬਰ, 1947 ਨੂੰ ਫਿਰੋਜ਼ਪੁਰ ਹੈੱਡਵਰਕਸ ਤੋਂ ਲੰਘਣ ਵੇਲੇ 6.36 ਲੱਖ ਕਿਊਸਿਕ ਹੋ ਗਿਆ ਅਤੇ ਸੁਲੇਮਾਨਕੀ ਹੈੱਡਵਰਕ ਤੋਂ 30 ਸਤੰਬਰ ਨੂੰ 7.38 ਲੱਖ ਕਿਊਸਿਕ ਪਾਣੀ ਲੰਘਿਆ। ਰੋਪੜ ਹੈੱਡਵਰਕ ਤੋਂ ਲੰਘੇ ਪਾਣੀ ਤੋਂ ਬਾਅਦ ਫਿਰੋਜ਼ਪੁਰ ਅਤੇ ਸੁਲੇਮਾਨਕੀ ਹੈੱਡਵਰਕਸ 'ਤੇ ਪਾਣੀ ਵਧਣ ਦਾ ਕਾਰਨ ਸਤਲੁਜ ਦੇ ਪਾਣੀ ਵਿਚ ਹਰੀਕੇ ਵਿਖੇ ਬਿਆਸ ਦੇ ਪਾਣੀ ਦਾ ਰਲਣਾ ਅਤੇ ਮੀਂਹ ਕਾਰਨ ਹੇਠਲੇ ਇਲਾਕਿਆਂ ਵਿਚ ਵਧੇ ਪਾਣੀ ਦਾ ਦਰਿਆ ਵਿਚ ਨਦੀਆਂ ਨਾਲਿਆਂ ਰਾਹੀਂ ਪੈਣਾ ਸੀ।

1955 ਦੇ ਅਕਤੂਬਰ ਮਹੀਨੇ ਵਿਚ ਆਏ ਹੜ੍ਹਾਂ ਤੋਂ ਪਹਿਲਾਂ ਕਿਉਂਕਿ ਹਰੀਕੇ ਹੈੱਡਵਰਕਸ ਬਣ ਚੁੱਕਿਆ ਸੀ, ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦਾ 8.00 ਲੱਖ ਕਿਊਸਿਕ ਪਾਣੀ ਇਕੱਠਾ ਹੋ ਕੇ ਇਸ ਹੈੱਡਵਰਕਸ ਤੋਂ 2 ਅਕਤੂਬਰ ਨੂੰ ਲੰਘਿਆ ਜੋ ਕਿ ਅੱਗੇ ਹੋਰ ਲੋਕਲ ਪਾਣੀ ਦੇ ਜਮ੍ਹਾਂ ਹੋ ਜਾਣ ਕਾਰਨ ਫਿਰੋਜ਼ਪੁਰ ਹੈੱਡਵਰਕਸ ਤੋਂ 9 ਲੱਖ ਕਿਊਸਿਕ ਪਾਣੀ ਦਾ ਲੰਘਾਅ ਹੋਇਆ।

ਸੰਨ 1988 ਦੇ ਹੜ੍ਹਾਂ ਦੌਰਾਨ ਰੋਪੜ ਹੈੱਡਵਰਕਸ ਤੋਂ ਮਿਤੀ 26 ਸਤੰਬਰ ਨੂੰ 4.78 ਲੱਖ ਕਿਊਸਿਕ ਪਾਣੀ ਲੰਘਿਆ ਜੋ ਕਿ ਹਰੀਕੇ ਹੈੱਡਵਰਕਸ ਤੋਂ ਮਿਤੀ 28 ਸਤੰਬਰ ਨੂੰ ਲੰਘਣ ਸਮੇਂ 5.74 ਲੱਖ ਕਿਊਸਿਕ ਹੋ ਗਿਆ ਅਤੇ ਫਿਰੋਜ਼ਪੁਰ ਹੈੱਡਵਰਕਸ ਤੱਕ ਇਹ ਮਿਤੀ 29 ਸਤੰਬਰ ਨੂੰ 9.00 ਲੱਖ ਕਿਊਸਿਕ ਹੋ ਗਿਆ। ਇਸੇ ਤਰ੍ਹਾਂ ਸੰਨ 1993 ਦੇ ਹੜ੍ਹਾਂ ਦੌਰਾਨ ਵੀ ਰੋਪੜ ਹੈੱਡਵਰਕਸ ਤੋਂ ਲਗਭਗ 4.00 ਲੱਖ ਕਿਊਸਿਕ ਪਾਣੀ ਲੰਘਿਆ ਸੀ।

ਭਾਵੇਂ ਕਿ 1988 ਤੇ 1993 ਵਿਚ ਦਰਿਆਵਾਂ ਵਿਚੋਂ ਲੰਘਣ ਵਾਲਾ ਪਾਣੀ 1947 ਅਤੇ 1955 ਤੋਂ ਘੱਟ ਸੀ ਪਰ ਫਿਰ ਵੀ 1988 ਅਤੇ 1993 ਵਾਲੇ ਹੜ੍ਹਾਂ ਨੇ ਵਿਆਪਕ ਤਬਾਹੀ ਕੀਤੀ ਕਿਉਂਕਿ ਇਸ ਸਮੇਂ ਦੌਰਾਨ ਦਰਿਆਵਾਂ ਵਿਚ ਗਾਰ/ਰੇਤਾ ਜਮ੍ਹਾਂ ਹੋਣ ਨਾਲ ਦਰਿਆਵਾਂ ਦੀ ਪਾਣੀ ਨੂੰ ਵਗਾਉਣ ਦੀ ਸਮਰੱਥਾ ਘਟ ਗਈ ਸੀ।

ਹੁਣ ਹਾਲਤ ਇਹ ਹੈ ਕਿ ਸਤਲੁਜ ਅਤੇ ਬਿਆਸ ਦਰਿਆ ਵਿਚ ਜੇਕਰ 1.5 ਲੱਖ ਕਿਊਸਿਕ ਪਾਣੀ ਵੀ ਛੱਡਿਆ ਜਾਵੇ ਤਾਂ ਇਹ ਹੇਠਲੇ ਪਾਸੇ ਭਿਆਨਕ ਤਬਾਹੀ ਮਚਾਉਂਦਾ ਹੈ।



**ਇਲਾਜ :** ਜਦੋਂ ਬਿਮਾਰੀ ਦੀ ਪਛਾਣ ਹੋ ਜਾਵੇ ਤਾਂ ਇਸ ਦਾ ਇਲਾਜ ਸੌਖਾ ਹੋ ਜਾਂਦਾ ਹੈ। ਪਰ ਜੇਕਰ ਇਲਾਜ ਕਰਨ ਵਾਲਾ ਡਾਕਟਰ ਹੀ ਇਲਾਜ ਨਾ ਕਰਦਾ ਹੋਵੇ ਤਾਂ ਬਿਮਾਰੀ ਦਿਨੋ ਦਿਨ ਭਿਆਨਕ ਰੂਪ ਅਖ਼ਤਿਆਰ ਕਰਦੀ ਹੈ।

**"ਹਰੇਕ ਚਾਰਾਗਰ (ਡਾਕਟਰ) ਕੋ ਚਾਰਾਗਰੀ ਸੇ ਗੁਰੇਜ਼ ਥਾ,**
**ਵਰਨਾ ਯੇ ਜੋ ਹਮਾਰੇ ਦੁੱਖ ਥੇ ਯੇ ਲਾ-ਦਵਾ (ਬੇਇਲਾਜ) ਨਾ ਥੇ।"**

ਸਾਰੀ ਦੁਨੀਆ ਵਿਚ ਹੜ੍ਹ ਪ੍ਰਬੰਧਨ ਦਾ ਕਾਰਗਰ ਤਰੀਕਾਕਾਰ ਦਰਿਆਵਾਂ ਦਾ ਤਲ ਪੱਧਰ ਸਾਫ ਰੱਖਣ ਤੇ ਧੁੱਸੀ ਬੰਨ੍ਹਾਂ ਦੀ ਸਾਂਭ-ਸੰਭਾਲ 'ਤੇ ਨਿਰਭਰ ਕਰਦਾ ਹੈ। ਇਕ ਅਨੁਮਾਨ ਅਨੁਸਾਰ ਜੇਕਰ ਦਰਿਆਵਾਂ 'ਤੇ ਕੋਈ ਡੈਮ ਜਾਂ ਕੋਈ ਹੋਰ ਢਾਂਚਾ ਨਾ ਬਣਿਆ ਹੋਵੇ ਤਾਂ ਵੀ ਹਰੇਕ ਸਾਲ ਕੁਝ ਇੰਚਾਂ ਤੱਕ ਰੇਤ/ਮਿੱਟੀ ਪੈ ਕੇ 50-60 ਸਾਲਾਂ ਵਿਚ ਦਰਿਆ ਦਾ ਤਲ ਉੱਚਾ ਹੋਣ ਕਾਰਨ ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ ਪਰ ਦਰਿਆਵਾਂ ਤੇ ਡੈਮ, ਹੈੱਡਵਰਕਸ ਅਤੇ ਹੋਰ ਢਾਂਚਿਆਂ ਦੇ ਬਣਨ ਤੋਂ ਬਾਅਦ ਤਾਂ ਮਿੱਟੀ ਇਕੱਠੀ ਹੋਣ ਦਾ ਵਰਤਾਰਾ ਬਹੁਤ ਵੱਧ ਜਾਂਦਾ ਹੈ।

**ਸਿੰਧ ਘਾਟੀ ਦੀ ਸੱਭਿਅਤਾ ਅਤੇ ਦਰਿਆਵਾਂ ਵਿਚ ਮਿੱਟੀ :** ਅੱਜ ਤੋਂ 5 ਹਜ਼ਾਰ ਸਾਲ ਪਹਿਲਾਂ ਦਰਿਆਵਾਂ ਕੰਢੇ ਪੰਜਾਬ ਵਿਚ ਘੁੱਗ ਵਸਦੀ ਸਿੰਧ ਘਾਟੀ ਦੀ ਸੱਭਿਅਤਾ ਸ਼ੁਰੂ ਹੋਈ ਸੀ। ਜੋਹਨ ਮਾਰਸ਼ਲ, ਪ੍ਰਸਿੱਧ ਪੁਰਾਤੱਤਵ ਵਿਗਿਆਨੀ ਵਲੋਂ ਇਸ ਸੱਭਿਅਤਾ ਦਾ ਰਾਵੀ ਦਰਿਆ 'ਤੇ ਵਸਿਆ ਮਹਿੰਦਜੋਦੜੋ ਸ਼ਹਿਰ 1930 ਵਿਚ ਲੱਭਿਆ ਗਿਆ ਅਤੇ ਪਾਇਆ ਗਿਆ ਕਿ ਜਦੋਂ ਇਹ ਸ਼ਹਿਰ ਵਸਿਆ ਸੀ ਤਾਂ ਇਹ ਦਰਿਆ ਤੋਂ 6-7 ਫੁੱਟ ਉੱਚਾ ਸੀ। ਪਰ 1300 ਸਾਲ ਬਾਅਦ ਜਦੋਂ ਇਸ ਸੱਭਿਆਤਾ ਦਾ ਖਤਮਾ ਹੋਇਆ ਤਾਂ ਖ਼ੁਦਾਈ ਤੋਂ ਪਤਾ ਲੱਗਿਆ ਕਿ ਘਰਾਂ ਦੀਆਂ ਨੀਹਾਂ ਲਗਭਗ 7 ਵਾਰੀ ਨਵੇਂ ਸਿਰੇ ਤੋਂ ਉੱਚੇ ਚੱਕ ਕੇ ਸਥਾਪਿਤ ਕੀਤੀਆਂ ਗਈਆਂ ਸਨ। 1930 ਵਿਚ ਖ਼ੁਦਾਈ ਸਮੇਂ ਪਤਾ ਲੱਗਿਆ ਕਿ ਮੌਜੂਦਾ ਸਮੇਂ ਰਾਵੀ ਦਰਿਆ ਇਸ ਸ਼ਹਿਰ ਤੋਂ 50 ਫੁੱਟ ਉੱਚਾ ਵਗ ਰਿਹਾ ਸੀ। ਜਿਸ ਦਾ ਮਤਲਬ ਹੈ ਕਿ 5000 ਸਾਲਾਂ ਵਿਚ ਦਰਿਆ ਰਾਵੀ ਵਿਚ 50 ਫੁੱਟ ਤੱਕ ਪਹਾੜਾਂ ਤੋਂ ਆਇਆ ਰੇਤਾ ਵਿਛਣ ਕਾਰਨ ਇਹ ਏਨਾ ਉੱਚਾ ਹੋ ਗਿਆ ਸੀ। ਭਾਵੇਂ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਦਰਿਆ ਕੰਢੇ ਘੁੱਗ ਵਸਦੀ ਇਹ ਸੱਭਿਅਤਾ ਕਿਹੜੇ ਕਾਰਨਾਂ ਕਰਕੇ ਖਤਮ ਹੋਈ ਪਰ ਇਕ ਗੱਲ ਸਪੱਸ਼ਟ ਹੈ ਕਿ ਦਰਿਆਵਾਂ ਵਿਚ ਮਿੱਟੀ ਚੜ੍ਹਨ ਕਾਰਨ ਇਸ ਸੱਭਿਅਤਾ ਨੂੰ ਹੜ੍ਹਾਂ ਦੀ ਬਹੁਤ ਵੱਡੀ ਮਾਰ ਸਹਿਣੀ ਪਈ ਸੀ।

ਇਸ ਲਈ ਲੋੜ ਹੈ ਕਿ ਪੰਜਾਬ ਦੇ ਸਮੇਤ ਘੱਗਰ ਚਾਰੇ ਦਰਿਆਵਾਂ ਦੀ ਲਗਾਤਾਰ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਪ੍ਰੋਜੈਕਟ ਬਣਾ ਕੇ ਕੰਮ ਕੀਤਾ ਜਾਵੇ। ਇਨ੍ਹਾਂ ਵਿਚੋਂ ਸਾਲਾਂ ਦੀ ਇਕੱਠੀ ਹੋਈ ਗਾਰ/ਮਿੱਟੀ ਕੱਢ ਕੇ ਇਨ੍ਹਾਂ ਦੀ ਕੁਦਰਤੀ ਸਤਹਿ ਅਤੇ ਵਹਾਅ ਨੂੰ ਬਹਾਲ ਕੀਤਾ ਜਾਵੇ ਅਤੇ ਇਸ ਨੂੰ ਲਗਾਤਾਰ ਬਹਾਲ ਰੱਖਿਆ ਜਾਵੇ।

ਇਨ੍ਹਾਂ ਦਰਿਆਵਾਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਕੇ ਦਰਿਆਵਾਂ ਦੀ ਚੈਨੇਲਾਈਜੇਸ਼ਨ ਕੀਤੀ ਜਾਵੇ।

ਇਹ ਵੀ ਜ਼ਰੂਰੀ ਹੈ ਕਿ ਇਨ੍ਹਾਂ ਦਰਿਆਵਾਂ ਵਿਚ ਖੇਤੀ ਕਰਦੇ ਕਿਸਾਨਾਂ ਨੂੰ ਸਫੈਦੇ ਜਾਂ ਪਾਪੂਲਰ ਵਰਗੇ ਜੰਗਲਾਤੀ ਦਰਖਤਾਂ ਦੀ ਖੇਤੀ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਪਾਣੀ ਦੇ ਵਹਾਅ ਵਿਚ ਕੋਈ ਰੋਕ ਟੋਕ ਨਾ ਆਵੇ।


**ਵੱਡੇ ਫੰਡਾਂ ਦੀ ਜ਼ਰੂਰਤ :** ਉਕਤ ਕੰਮਾਂ ਲਈ ਬਹੁਤ ਵੱਡੀ ਰਕਮ ਦੀ ਜ਼ਰੂਰਤ ਪਵੇਗੀ ਜੋ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵਲੋਂ ਹਰੇਕ ਸਾਲ ਸਹੀ ਸਮੇਂ ਉਪਲਬਧ ਕਰਾਉਣੀ ਬਣਦੀ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਜੋ ਕਿ ਭਾਖੜਾ ਤੇ ਪੌਂਗ ਡੈਮ ਦੇ ਰੱਖ ਰਖਾਅ ਲਈ ਜ਼ਿੰਮੇਵਾਰ ਹੈ ਅਤੇ ਇਸ ਰੱਖ ਰਖਾਅ ਲਈ ਉਹ ਮੈਂਬਰ ਰਾਜਾਂ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਨੂੰ ਪਾਣੀ ਅਤੇ ਮੁਫਤ ਬਿਜਲੀ ਦੇ ਕੇ ਉਨ੍ਹਾਂ ਤੋਂ ਹਿੱਸੇ ਅਨੁਸਾਰ ਡੈਮਾਂ ਦੇ ਰੱਖ ਰਖਾਅ 'ਤੇ ਹੁੰਦੇ ਖਰਚੇ ਲਈ ਰਕਮ ਪ੍ਰਾਪਤ ਕਰਦਾ ਹੈ। ਕਿਉਂਕਿ ਡੈਮਾਂ ਤੋਂ ਹੇਠਾਂ ਵਗਦੇ ਦਰਿਆਵਾਂ ਦਾ ਰੱਖ-ਰਖਾਅ ਵੀ ਡੈਮਾਂ ਦੇ ਰੱਖ-ਰਖਾਅ ਦਾ ਹੀ ਇਕ ਅਟੁੱਟ ਹਿੱਸਾ ਹੈ, ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦੇ ਮੁਕੰਮਲ

**ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।**

# ਹੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਦੀ ਲੋੜ

**ਸਤਨਾਮ ਸਿੰਘ ਮਾਣਕ**



'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਦੀ ਕਹਾਵਤ ਭਾਵੇਂ ਪਿਛਲੀਆਂ ਸਦੀਆਂ ਵਿਚ ਕੇਂਦਰੀ ਏਸ਼ੀਆ ਤੋਂ ਹਮਲਾਵਰਾਂ ਦੇ ਵਾਰ-ਵਾਰ ਪੰਜਾਬ 'ਤੇ ਹਮਲੇ ਕਰਨ ਅਤੇ ਪੰਜਾਬ ਦੇ ਬਸ਼ਿੰਦਿਆਂ ਵਲੋਂ ਉਨ੍ਹਾਂ ਦਾ ਨਿਰੰਤਰ ਮੁਕਾਬਲਾ ਕਰਨ ਦੇ ਸੰਦਰਭ ਵਿਚ ਪ੍ਰਚੱਲਿਤ ਹੋਈ ਸੀ, ਪਰ ਕਈ ਪਹਿਲੂਆਂ ਤੋਂ ਇਹ ਕਹਾਵਤ ਅੱਜ ਵੀ ਪ੍ਰਸੰਗਿਕ ਹੈ। ਅੱਜ ਵੀ ਅਨੇਕਾਂ ਦਿਸ਼ਾਵਾਂ ਅਤੇ ਅਨੇਕਾਂ ਪਹਿਲੂਆਂ ਤੋਂ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੀਆਂ ਚੁਣੌਤੀਆਂ ਦਾ ਵਾਰ-ਵਾਰ ਸਾਹਮਣਾ ਕਰਨਾ ਪੈ ਰਿਹਾ ਹੈ।

ਅਜੋਕੇ ਸਮੇਂ ਵਿਚ ਵੀ ਜਿਥੇ ਪੰਜਾਬੀਆਂ ਨੂੰ ਕੇਂਦਰੀ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਅਤੇ ਵਿਤਕਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵਿਰੁੱਧ ਛੇੜੀ ਗਈ ਅਸਿੱਧੀ ਜੰਗ ਦਾ ਵੀ ਜ਼ਿਆਦਾ ਸੰਤਾਪ ਪੰਜਾਬ ਨੂੰ ਹੀ ਭੁਗਤਣਾ ਪੈ ਰਿਹਾ ਹੈ। ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵਿਰੋਧੀ ਸ਼ਕਤੀਆਂ ਵਲੋਂ ਉਥੇ ਦੀ ਸਥਾਪਤੀ ਦੀ ਮਿਲੀ ਭੁਗਤ ਨਾਲ ਜੋ ਘਾਤਕ ਨਸ਼ੀਲੇ ਪਦਾਰਥਾਂ ਅਤੇ ਨਾਜਾਇਜ਼ ਹਥਿਆਰਾਂ ਦੀ ਡਰੋਨਾਂ ਰਾਹੀਂ ਭਾਰਤ ਅੰਦਰ ਤਸਕਰੀ ਕੀਤੀ ਜਾ ਰਹੀ ਹੈ, ਉਸ ਤੋਂ ਵੀ ਜ਼ਿਆਦਾ ਪੰਜਾਬ ਹੀ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਵਿਚ ਹੀ ਵਧੇਰੇ ਨਸ਼ੀਲੇ ਪਦਾਰਥ ਅਤੇ ਹਥਿਆਰ ਸੁੱਟੇ ਜਾ ਰਹੇ ਹਨ। ਇਸ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਕਿ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਵੀ ਵਧੇਰੇ ਗਿਣਤੀ ਵਿਚ ਪੰਜਾਬ ਦੇ ਰਹਿਣ ਵਾਲੇ ਅਜਿਹੇ ਸਮਾਜ ਵਿਰੋਧੀ ਅਨਸਰ ਹਨ, ਜਿਨ੍ਹਾਂ ਨੂੰ ਪੰਜਾਬੀ ਕਹਿਣਾ ਵੀ ਔਖਾ ਲਗਦਾ ਹੈ। ਪਰ ਇਸ ਵਰਤਾਰੇ ਦਾ ਬਿਨਾਂ ਸ਼ੱਕ ਵੱਡਾ ਭੋਗੀ ਪੰਜਾਬ ਹੀ ਹੈ। ਇਸੇ ਦਰਮਿਆਨ ਕੁਦਰਤ ਵੀ ਵਾਰ-ਵਾਰ ਪੰਜਾਬੀਆਂ ਦਾ ਇਮਤਿਹਾਨ ਲੈ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਭਾਰਤ ਦੇ ਪਹਾੜੀ ਰਾਜਾਂ ਉਤਰਾਖੰਡ, ਜੰਮੂ-ਕਸ਼ਮੀਰ, ਹਿਮਾਚਲ ਤੇ ਹਰਿਆਣਾ ਦੇ ਨਾਲ-ਨਾਲ ਪੰਜਾਬ ਨੂੰ ਵੀ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਸੰਨ 1988 ਵਿਚ ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ ਅੱਜ ਵੀ ਲੋਕਾਂ ਨੂੰ ਯਾਦ ਹੈ। ਜਦੋਂ ਰਾਜ ਦਾ ਭਾਰੀ



ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ ਅਤੇ ਬਹੁਤ ਸਾਰੀਆਂ ਮੁੱਖ ਸੜਕਾਂ ਵੀ ਟੁੱਟ ਗਈਆਂ ਸਨ। 3 ਲੱਖ ਏਕੜ ਵਿਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਤਬਾਹ ਹੋ ਗਈਆਂ ਸਨ। 2010 ਵਿਚ ਵੀ ਹੜ੍ਹਾਂ ਕਾਰਨ ਪੰਜਾਬ ਦੇ 20 ਜ਼ਿਲ੍ਹੇ ਪ੍ਰਭਾਵਿਤ ਹੋਏ ਸਨ ਅਤੇ ਦੋ ਲੱਖ ਏਕੜ ਜ਼ਮੀਨ 'ਚ ਬੀਜੀਆਂ ਗਈਆਂ ਫ਼ਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। 2013 'ਚ ਆਏ ਭਿਆਨਕ ਹੜ੍ਹਾਂ ਦਾ ਰਾਜ ਦੇ 10 ਜ਼ਿਲ੍ਹਿਆਂ 'ਤੇ ਅਸਰ ਪਿਆ ਸੀ ਅਤੇ 4.43 ਲੱਖ ਏਕੜ ਵਿਚ ਖੜ੍ਹੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ। 2019 ਵਿਚ ਆਏ ਹੜ੍ਹਾਂ ਕਾਰਨ ਜਲੰਧਰ, ਕਪੂਰਥਲਾ, ਰੂਪਨਗਰ ਅਤੇ ਲੁਧਿਆਣਾ ਆਦਿ ਜ਼ਿਲ੍ਹਿਆਂ ਦੇ 300 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਸਨ ਅਤੇ ਇਨ੍ਹਾਂ ਹੜ੍ਹਾਂ ਕਾਰਨ ਵੀ ਹਜ਼ਾਰਾਂ ਏਕੜਾਂ 'ਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਦਾ ਨੁਕਸਾਨ ਹੋਇਆ ਸੀ। ਇਸੇ ਤਰ੍ਹਾਂ 2023 ਵਿਚ ਵੱਡੀ ਪੱਧਰ 'ਤੇ ਆਏ ਹੜ੍ਹਾਂ ਕਾਰਨ ਰਾਜ ਦੇ 19 ਜ਼ਿਲ੍ਹੇ ਪ੍ਰਭਾਵਿਤ ਹੋਏ ਸਨ, ਖ਼ਾਸ ਕਰਕੇ ਪਟਿਆਲਾ, ਮੁਹਾਲੀ, ਤਰਨਤਾਰਨ ਅਤੇ ਫਤਹਿਗੜ੍ਹ ਸਾਹਿਬ 'ਚ ਭਾਰੀ ਨੁਕਸਾਨ ਹੋਇਆ ਸੀ। ਔਸਤਨ 3 ਲੱਖ ਏਕੜਾਂ 'ਚ ਕਾਸ਼ਤ ਕੀਤੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ।

ਪਿਛਲੇ ਕੁਝ ਦਿਨਾਂ ਤੋਂ ਹੜ੍ਹਾਂ ਕਾਰਨ ਪੰਜਾਬ ਵਿਚ ਜੋ ਬਰਬਾਦੀ ਹੋ ਰਹੀ ਹੈ, ਉਹ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ। ਹਿਮਾਚਲ ਵਿਚ ਭਾਰੀ ਬਾਰਿਸ਼ ਪੈਣ ਕਾਰਨ ਪੰਜਾਬ ਰਾਜ 'ਚ ਵਗਣ ਵਾਲੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਨਿੱਤ ਨਵੀਂ ਤਬਾਹੀ ਅਤੇ ਬਰਬਾਦੀ ਦੀਆਂ ਖ਼ਬਰਾਂ ਦੇ ਰਹੇ ਹਨ। ਇਸ ਵਾਰ ਵੀ ਦਰਿਆਵਾਂ ਨਾਲ ਲਗਦੇ ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਵਧੇਰੇ ਪ੍ਰਭਾਵਿਤ ਹੋਏ ਹਨ। ਇਹ ਲੇਖ ਲਿਖੇ ਜਾਣ ਤੱਕ ਵੀ ਵੱਖ-ਵੱਖ ਇਲਾਕਿਆਂ ਤੋਂ ਦਰਿਆਵਾਂ ਵਿਚ ਵੱਡੀ ਪੱਧਰ 'ਤੇ ਡੈਮਾਂ ਤੋਂ ਪਾਣੀ ਛੱਡੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ ਅਤੇ ਦਰਿਆ ਨਵੇਂ ਤੋਂ ਨਵੇਂ ਖ਼ੇਤਰਾਂ ਨੂੰ ਆਪਣੀ ਲਪੇਟ ਵਿਚ ਲੈਂਦੇ ਜਾ ਰਹੇ ਹਨ। ਮਾਧੋਪੁਰ ਵਿਚ ਰਾਵੀ 'ਤੇ ਬਣੇ ਹੈੱਡਵਰਕਸ ਦੇ ਕਈ ਗੇਟ ਟੁੱਟ ਗਏ ਹਨ, ਜਿਸ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ, ਅਜਨਾਲਾ ਤੇ ਹੋਰ ਇਲਾਕੇ ਹੋਰ ਵਧੇਰੇ ਹੜ੍ਹ ਦੀ ਮਾਰ ਹੇਠ ਆ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਵੀ ਵਿਸ਼ੇਸ਼ ਤੌਰ 'ਤੇ ਵਧੇਰੇ ਪ੍ਰਭਾਵਿਤ ਹੋਏ ਹਨ। ਫਿਰੋਜ਼ਪੁਰ ਦੇ ਦਰਜਨਾਂ ਪਿੰਡਾਂ ਵਿਚ ਪਾਣੀ ਭਰ ਗਿਆ ਹੈ। ਪ੍ਰਸ਼ਾਸਨ ਵਲੋਂ ਪਾਣੀ ਵਿਚ ਘਿਰੇ ਲੋਕਾਂ ਨੂੰ ਕੱਢ ਕੇ 12 ਕੈਂਪਾਂ ਵਿਚ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਵਿਚ ਵੀ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਰੱਖਣ ਦਾ ਅਮਲ ਚੱਲ ਰਿਹਾ ਹੈ। ਹੁਣ ਤੱਕ ਦੀਆਂ ਖ਼ਬਰਾਂ ਅਨੁਸਾਰ ਰਾਜ ਵਿਚ 24 ਤੋਂ ਵੱਧ ਲੋਕਾਂ ਦੀਆਂ ਹੜ੍ਹ ਕਾਰਨ ਮੌਤਾਂ ਵੀ ਹੋ ਗਈਆਂ ਹਨ। ਸਮੁੱਚੇ ਤੌਰ 'ਤੇ 500 ਤੋਂ ਵੱਧ ਪਿੰਡਾਂ 'ਚ ਪਾਣੀ ਭਰ ਗਿਆ ਹੈ। 16 ਹਜ਼ਾਰ ਤੋਂ ਵੱਧ ਲੋਕਾਂ ਨੂੰ ਹੜ੍ਹ ਮਾਰੇ ਖੇਤਰਾਂ ਵਿਚੋਂ ਬਾਹਰ ਕੱਢਿਆ ਗਿਆ ਹੈ। ਇਕ ਅੰਦਾਜ਼ੇ ਮੁਤਾਬਿਕ 2.90 ਲੱਖ ਏਕੜ ਰਕਬੇ ਵਿਚ ਫ਼ਸਲਾਂ ਦਾ ਨੁਕਸਾਨ ਹੋ ਗਿਆ ਹੈ। ਬਿਨਾਂ ਸ਼ੱਕ ਸਥਾਨਕ ਪ੍ਰਸ਼ਾਸਨ, ਐਨ.ਡੀ.ਆਰ.ਐਫ., ਥਲ ਫ਼ੌਜ ਅਤੇ ਹਵਾਈ ਫ਼ੌਜ ਵਲੋਂ ਵੱਖ-ਵੱਖ ਇਲਾਕਿਆਂ ਵਿਚ ਰਾਹਤ ਕਾਰਜ ਆਰੰਭੇ ਗਏ ਹਨ। ਇਸ ਸਮੇਂ ਸਾਰਾ ਜ਼ੋਰ ਪਾਣੀ ਵਿਚ ਘਿਰੇ ਪਿੰਡਾਂ ਦੇ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਲਿਆਉਣ 'ਤੇ ਲੱਗ ਰਿਹਾ ਹੈ।

ਸਮੁੱਚੇ ਤੌਰ 'ਤੇ ਇਨ੍ਹਾਂ ਹੜ੍ਹਾਂ ਨਾਲ ਸਮਾਜ ਦੇ ਵੱਖ-ਵੱਖ ਵਰਗਾਂ ਦਾ ਕਿੰਨਾ ਤੇ ਕਿਹੋ ਜਿਹਾ ਨੁਕਸਾਨ ਹੋਇਆ ਹੈ, ਇਸ ਦੀ ਹਕੀਕੀ ਜਾਣਕਾਰੀ ਤਾਂ ਬਾਅਦ ਵਿਚ ਸਾਹਮਣੇ ਆਵੇਗੀ ਪਰ ਪ੍ਰਤੱਖ ਤੌਰ 'ਤੇ



ਇਹ ਨਜ਼ਰ ਆ ਰਿਹਾ ਹੈ ਕਿ ਕਿਸਾਨਾਂ ਅਤੇ ਖੇਤੀਬਾੜੀ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਹੈ। ਇਥੋਂ ਤੱਕ ਵੀ ਖ਼ਬਰਾਂ ਆ ਰਹੀਆਂ ਹਨ ਕਿ ਬਹੁਤੀਆਂ ਥਾਵਾਂ 'ਤੇ ਕਿਸਾਨ ਅਤੇ ਦਿਹਾਤੀ ਲੋਕ ਆਪਣੇ ਪਸ਼ੂਆਂ ਨੂੰ ਵੀ ਸੁਰੱਖਿਅਤ ਥਾਵਾਂ 'ਤੇ ਲਿਆਉਣ ਵਿਚ ਅਸਫਲ ਰਹੇ ਹਨ ਅਤੇ ਬਹੁਤ ਸਾਰੇ ਪਸ਼ੂ ਹੜ੍ਹਾਂ ਵਿਚ ਵਹਿ ਗਏ ਹਨ, ਬਹੁਤ ਸਾਰੇ ਮਰ ਵੀ ਗਏ ਹਨ।

ਇਸ ਨੁਕਸਾਨ ਲਈ ਕੁਦਰਤ ਕਿੰਨੀ ਜ਼ਿੰਮੇਵਾਰ ਹੈ ਅਤੇ ਮਨੁੱਖ ਵਲੋਂ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਕਿਸ ਹੱਦ ਤੱਕ ਜ਼ਿੰਮੇਵਾਰ ਹੈ, ਪੰਜਾਬ ਦੀਆਂ ਸਰਕਾਰਾਂ ਵਾਰ-ਵਾਰ ਆਉਂਦੇ ਹੜ੍ਹਾਂ ਨਾਲ ਨਿਪਟਣ ਲਈ ਕੋਈ ਠੋਸ ਯੋਜਨਾਬੰਦੀ ਕਰਨ ਵਿਚ ਕਿਉਂ ਅਸਫਲ ਰਹੀਆਂ ਹਨ, ਪੈਦਾ ਹੋਏ ਮੌਜੂਦਾ ਸੰਤਾਪ ਨਾਲ ਪ੍ਰਸ਼ਾਸਨ ਕਿੰਨੀ ਕੁ ਸਫਲਤਾ ਨਾਲ ਨਿਪਟ ਰਿਹਾ ਹੈ ਜਾਂ ਨਹੀਂ ਨਿਪਟ ਰਿਹਾ, ਇਹ ਸਾਰੇ ਸੰਬੰਧੀ ਸਵਾਲ ਕਰਨ ਜਾਂ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣੇ ਵੀ ਜ਼ਰੂਰੀ ਹਨ, ਪਰ ਇਸ ਲਈ ਅਜੇ ਇਹ ਢੁਕਵਾਂ ਸਮਾਂ ਨਹੀਂ ਹੈ। ਇਸ ਸਮੇਂ ਤਾਂ ਮੁੱਖ ਲੋੜ ਇਹ ਹੈ ਕਿ ਅਸੀਂ ਆਪਣੇ ਕਿਸਾਨ ਭਰਾਵਾਂ ਅਤੇ ਦਿਹਾਤੀ ਲੋਕਾਂ, ਜੋ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਉਨ੍ਹਾਂ ਦੀ ਬਾਂਹ ਫੜੀਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸੰਬੰਧ ਵਿਚ ਪਹਿਲ ਕਰਦਿਆਂ ਰਾਜ ਦੇ ਵੱਖ-ਵੱਖ ਖੇਤਰਾਂ ਵਿਚ ਸਥਿਤ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਕਿਹਾ ਹੈ। ਇਹ ਚੰਗੀ ਗੱਲ ਹੈ, ਪਰ ਉਸ ਨੂੰ ਅਜਿਹੀਆਂ ਹਦਾਇਤਾਂ ਦੇ ਕੇ ਸੁਰਖ਼ਰੂ ਨਹੀਂ ਹੋ ਜਾਣਾ ਚਾਹੀਦਾ। ਸਗੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਆਪ ਦੇਖਣਾ ਚਾਹੀਦਾ ਹੈ ਕਿ ਕਿਹੜੇ-ਕਿਹੜੇ ਪ੍ਰਭਾਵਿਤ ਇਲਾਕਿਆਂ ਵਿਚ ਕਿਹੜੇ-ਕਿਹੜੇ ਗੁਰਦੁਆਰਾ ਸਾਹਿਬ ਤੋਂ ਲੋਕਾਂ ਨੂੰ ਲੰਗਰ ਅਤੇ ਹੋਰ ਲੋੜੀਂਦੀ ਸਹਾਇਤਾ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਰਾਜ ਦੀਆਂ ਹੋਰ ਰਾਜਨੀਤਕ, ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਇਥੋਂ ਤੱਕ ਕਿ ਆਮ ਸਰਦੇ-ਪੁਜਦੇ ਲੋਕਾਂ ਨੂੰ ਵੀ ਆਪੋ-ਆਪਣੇ ਢੰਗ ਨਾਲ ਕਿਸਾਨਾਂ ਅਤੇ ਹੋਰ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਆਉਣਾ ਚਾਹੀਦਾ ਹੈ। ਰਾਜ ਦੇ ਵੱਖ-ਵੱਖ ਖੇਤਰਾਂ ਤੋਂ ਹੁਣ ਇਹ ਖ਼ਬਰਾਂ ਆ ਵੀ ਰਹੀਆਂ ਹਨ ਕਿ ਸਰਕਾਰ ਪ੍ਰਸ਼ਾਸਨ ਦੇ ਨਾਲ-ਨਾਲ ਹੋਰ ਰਾਜਨੀਤਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੀ ਹੜ੍ਹ ਪੀੜਤ ਲੋਕਾਂ ਦੀ ਮਦਦ 'ਤੇ ਆ ਗਈਆਂ ਹਨ। ਲੰਗਰ ਲਾਏ ਜਾ ਰਹੇ ਹਨ ਤੇ ਲੋੜੀਂਦੀਆਂ ਹੋਰ ਵਸਤਾਂ ਪਹੁੰਚਾਈਆਂ ਜਾ ਰਹੀਆਂ ਹਨ। ਪੰਜਾਬ ਦੀ ਇਹ ਇਕ ਚੰਗੀ ਪਰੰਪਰਾ ਹੈ, ਇਸ ਨੂੰ ਬਣਾਈ ਰੱਖਣਾ ਚਾਹੀਦਾ ਹੈ। ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਿਰਫ਼ ਚੀਜ਼ਾਂ ਵਸਤਾਂ ਦੇ ਰੂਪ ਵਿਚ ਹੀ ਸਹਾਇਤਾ ਨਹੀਂ ਚਾਹੀਦੀ, ਸਗੋਂ ਮਾਨਸਿਕ ਤੌਰ 'ਤੇ ਵੀ ਉਨ੍ਹਾਂ ਦੇ ਹੌਸਲੇ ਵਧਾਉਣ ਦੀ ਲੋੜ ਹੈ। ਵਾਰ-ਵਾਰ ਆਉਂਦੀਆਂ ਮੁਸੀਬਤਾਂ ਮਨੁੱਖ ਦਾ ਮਨੋਬਲ ਤੋੜ ਦਿੰਦੀਆਂ ਹਨ। ਜਿਨ੍ਹਾਂ ਲੋਕਾਂ ਦੇ ਘਰ ਅਤੇ ਖੇਤ ਪਾਣੀ ਵਿਚ ਡੁੱਬ ਜਾਣ ਅਤੇ ਉਹ ਆਪਣੇ ਘਰ ਦਾ ਸਾਮਾਨ ਤੱਕ ਨਾ ਬਚਾ ਸਕਣ, ਉਨ੍ਹਾਂ ਨੂੰ ਜਿਹੋ ਜਿਹਾ ਮਾਨਸਿਕ ਸਦਮਾ ਲਗਦਾ ਹੈ, ਉਸ ਦੀ ਪੀੜ ਨੂੰ ਪੀੜਤ ਜਾਂ ਪ੍ਰਭਾਵਿਤ ਲੋਕ ਹੀ ਸਮਝ ਸਕਦੇ ਹਨ।

ਇਸ ਸਮੇਂ ਕਿਸਾਨਾਂ ਦੀ ਮਦਦ ਕਰਨਾ ਇਸ ਲਈ ਵੀ ਬੇਹੱਦ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਦੀ ਦੇਸ਼ ਲਈ ਇਕ ਤਰ੍ਹਾਂ ਨਾਲ ਫ਼ੌਜ ਤੋਂ ਵੀ ਵੱਧ ਅਹਿਮੀਅਤ ਹੈ। ਫ਼ੌਜ ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਬਚਾਅ ਕੇ ਭੂਗੋਲਿਕ ਸੁਰੱਖਿਆ ਮੁਹੱਈਆ ਕਰਦੀ ਹੈ ਅਤੇ ਕਿਸਾਨ ਅਨਾਜ, ਫਲ ਅਤੇ ਸਬਜ਼ੀਆਂ ਪੈਦਾ ਕਰਕੇ ਦੇਸ਼ ਦੇ ਲੋਕਾਂ ਨੂੰ ਖ਼ੁਰਾਕੀ ਸੁਰੱਖਿਆ ਮੁਹੱਈਆ ਕਰਦੇ ਹਨ। ਇਹ ਗੱਲ ਸਾਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਕਿਸੇ ਕਾਰਨ ਕਰਕੇ ਕਿਸਾਨ ਦੇਸ਼ ਦੇ ਲੋਕਾਂ ਨੂੰ ਢੁਕਵੀਂ ਮਾਤਰਾ ਵਿਚ ਖ਼ੁਰਾਕ ਸੁਰੱਖਿਆ ਮੁਹੱਈਆ ਨਾ ਕਰਾ ਸਕਣ ਤਾਂ

# ਪੰਜਾਬ ਵਿਚ ਹੜ੍ਹਾਂ ਦਾ ਕਹਿਰ








**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
**ਐਡਵਾਇਜ਼ਰ ਲੁਬਾਣਾ ਸੇਵਕ**
98144-74535




ਪੰਜਾਬ ਗੁਰੂ ਦੇ ਚਰਨ ਛੋਹ ਧਰਤੀ ਹੈ। ਪੰਜਾਬ ਮੁਗਲਾਂ ਫਿਰੰਗੀਆਂ ਦੇ ਹੱਲੇ ਸਹਿੰਦਾ ਰਿਹਾ ਹੈ। ਦੇਸ਼ ਦੀਆਂ ਲੜਾਈਆਂ ਵੇਲੇ ਵੀ ਮੂਹਰੇ ਪੰਜਾਬ ਹੀ ਆਇਆ ਹੈ। ਆਏ ਦਿਨ ਪੰਜਾਬ ਤੇ ਕੋਈ ਨਾ ਕੋਈ ਆਫਤ ਜਾਂ ਮੁਸ਼ਕਿਲ ਆਈ ਰਹਿੰਦੀ ਹੈ, ਜਿਸ ਨਾਲ ਪੰਜਾਬ ਜੂਝਦਾ ਹੈ ਲੜਦਾ ਹੈ ਤੇ ਜਿੱਤ ਪ੍ਰਾਪਤ ਕਰਦਾ ਹੈ। ਹਰ ਮੁਸ਼ਕਿਲ ਤੋਂ ਬਾਅਦ ਪੰਜਾਬ ਪਹਿਲਾਂ ਨਾਲੋਂ ਜ਼ਿਆਦਾ ਨਿਖਰ ਜਾਂਦਾ ਹੈ।

ਕੁਦਰਤ ਵੀ ਵਾਰ-ਵਾਰ ਪੰਜਾਬੀਆਂ ਦਾ ਇਮਤਿਹਾਨ ਲੈ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਭਾਰਤ ਦੇ ਪਹਾੜੀ ਰਾਜਾਂ ਉਤਰਾਖੰਡ, ਜੰਮੂ-ਕਸ਼ਮੀਰ, ਹਿਮਾਚਲ ਤੇ ਹਰਿਆਣਾ ਦੇ ਨਾਲ-ਨਾਲ ਪੰਜਾਬ ਨੂੰ ਵੀ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਪਿਛਲੇ ਕੁਝ ਦਿਨਾਂ ਤੋਂ ਹੜ੍ਹਾਂ ਕਾਰਨ ਪੰਜਾਬ ਵਿਚ ਜੋ ਬਰਬਾਦੀ ਹੋ ਰਹੀ ਹੈ, ਉਹ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ। ਦਰਿਆਵਾਂ ਨਾਲ ਲਗਦੇ ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਵਧੇਰੇ ਪ੍ਰਭਾਵਿਤ ਹੋਏ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ, ਅਜਨਾਲਾ ਤੇ ਹੋਰ ਇਲਾਕੇ ਹੋਰ ਵਧੇਰੇ ਹੜ੍ਹ ਦੀ ਮਾਰ ਹੇਠ ਆ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਵੀ ਵਿਸ਼ੇਸ਼ ਤੌਰ 'ਤੇ ਵਧੇਰੇ ਪ੍ਰਭਾਵਿਤ ਹੋਏ ਹਨ। ਫਿਰੋਜ਼ਪੁਰ ਦੇ ਦਰਜਨਾਂ ਪਿੰਡਾਂ ਵਿਚ ਪਾਣੀ ਭਰ ਗਿਆ ਹੈ।

ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਅਤੇ ਤੇਜ਼ ਬਾਰਿਸ਼ਾਂ ਕਾਰਨ ਹਾਲਾਤ ਨਾਜ਼ੁਕ ਹੋ ਗਏ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਇਲਾਵਾ ਦੂਸਰੇ ਪਾਸੇ ਵੀ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਹੜ੍ਹਾਂ ਦਾ ਪ੍ਰਭਾਵ ਸਾਰੇ ਪੰਜਾਬ ਵਿੱਚ ਹੀ ਦਿਸ ਰਿਹਾ ਹੈ ਪਰ ਦਰਿਆਵਾਂ ਤੇ ਬੰਨ੍ਹਾਂ ਦੇ ਨਾਲ ਲੱਗਦੇ ਪਿੰਡ ਜ਼ਿਆਦਾ ਖ਼ਤਰੇ ਵਿੱਚ ਹਨ। ਪੰਜਾਬ ਵਿੱਚ ਆਏ ਇਨ੍ਹਾਂ ਹੜ੍ਹਾਂ ਦਾ ਦੁੱਖ ਉਹੀ ਜਾਣਦੇ ਹਨ ਜੋ ਇਨ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਆਪਣੇ ਘਰ ਛੱਡਣੇ ਬਹੁਤ ਔਖੇ ਹਨ। ਪਰ ਜਿਹੜੇ ਲੋਕ ਹੜ੍ਹਾਂ ਕਾਰਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ, ਘਰ ਬਰਬਾਦ ਹੋ ਗਏ ਹਨ, ਫਸਲਾਂ ਤਬਾਹ ਹੋ ਗਈਆਂ ਹਨ, ਪਸ਼ੂ ਪਾਣੀ ਵਿਚ ਰੁੜ ਗਏ ਹਨ, ਉਨ੍ਹਾਂ ਬਾਰੇ ਸੋਚ ਕੇ ਮਨ ਬਹੁਤ ਉਦਾਸ ਅਤੇ ਗਹਿਰੀ ਚਿੰਤਾ ਵਿਚ ਹੈ।

ਬਿਨਾਂ ਸ਼ੱਕ ਪ੍ਰਸ਼ਾਸਨ ਵਲੋਂ ਵੱਖ-ਵੱਖ ਇਲਾਕਿਆਂ ਵਿਚ ਰਾਹਤ



ਕਾਰਜ ਆਰੰਭੇ ਗਏ ਹਨ। ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਐਨ.ਆਰ.ਆਈ. ਵੀਰ, ਖ਼ਾਲਸਾ ਏਡ, ਸੁਸਾਇਟੀਆਂ, ਸੰਤ ਮਹਾਂਪੁਰਸ਼, ਦਾਨੀ ਸੱਜਣ, ਗਾਇਕ ਅਤੇ ਹੋਰ ਲੋਕ ਬਿਨਾਂ ਕਿਸੇ ਲੋਭ ਲਾਲਚ ਦੇ ਰਾਸ਼ਨ, ਲੰਗਰ, ਚਾਰਾ, ਨਗਦ ਪੈਸੇ ਦੇ ਰਹੇ ਹਨ। ਕਿਸ਼ਤੀਆਂ ਬਣਾ ਰਹੇ, ਪਹੁੰਚਾ ਰਹੇ ਹਨ। ਪਿੰਡਾਂ ਨੂੰ ਗੋਦ ਲੈ ਰਹੇ ਹਨ। ਹੜ੍ਹਾਂ ਦੌਰਾਨ ਸਾਰੇ ਪੰਜਾਬੀਆਂ ਦੀਆਂ ਨਜ਼ਰਾਂ ਤੇ ਮਨ ਪੰਜਾਬ ਨਾਲ ਜੁੜਿਆ ਹੋਇਆ ਹੈ।

ਕੇਂਦਰ ਅਤੇ ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਔਖੇ ਸਮੇਂ ਕਿਸਾਨਾਂ ਨੂੰ ਜ਼ਮੀਨਾਂ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਫਿਰ ਪੈਰਾਂ 'ਤੇ ਖੜ੍ਹੇ ਹੋ ਸਕਣ। ਰੇਤ ਬੱਜਰੀ ਮਾਫੀਆ 'ਤੇ ਸਖ਼ਤੀ ਨਾਲ ਕਦਮ ਚੁੱਕੇ ਅਤੇ ਦਰਿਆਵਾਂ ਕਿਨਾਰੇ ਲੱਗਦੇ ਬੰਨਾਂ ਨੂੰ ਉੱਚਾ ਕੀਤਾ ਜਾਵੇ ਤਾਂ ਜੋ ਫਿਰ ਤੋਂ ਹੜ੍ਹਾਂ ਵਰਗੀ ਆਫ਼ਤ ਤੋਂ ਬਚਿਆ ਜਾ ਸਕੇ।

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ !




ਗੁਰਮੀਤ ਸਿੰਘ ਪਲਾਹੀ

98158-02070




ਪਰਵਾਸ, ਲੋੜਾਂ - ਥੋੜਾਂ, ਖਰਾਬ ਬੁਨਿਆਦੀ ਢਾਂਚੇ, ਵਿਆਪਕ ਬੇਰੁਜ਼ਗਾਰੀ, ਖੇਤੀ ਸੰਕਟ, ਸਿਹਤ ਅਤੇ ਸਿੱਖਿਆ ਦੇ ਉਥਲ-ਪੁਥਲ ਹੋਏ ਢਾਂਚੇ ਨਾਲ ਝੰਬੇ ਪਏ ਪੰਜਾਬ ਲਈ ਆਈ ਇੱਕ ਹੋਰ ਆਫ਼ਤ ਮੌਕੇ ਪੰਜਾਬ ਢਹਿ-ਢੇਰੀ ਹੋਇਆ ਜਾਪਦਾ ਹੈ। ਪੰਜਾਬ ਸਰਕਾਰ ਬੇਵੱਸ ਹੈ ! ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਕੇਂਦਰ ਸਰਕਾਰ ਚੁੱਪ ਹੈ ! ਪੰਜਾਬ ਦੇ ਹੜ੍ਹਾਂ ਵੇਲੇ ਪੰਜਾਬ ਨੂੰ ਕੌਮੀ ਆਫ਼ਤ ਕਿਉਂ ਨਹੀਂ ਐਲਾਨਿਆ ਗਿਆ, ਲੋਕ ਪੁੱਛਦੇ ਹਨ।

ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਡੇਢ ਲੱਖ ਏਕੜ ਖੜ੍ਹੀ ਫ਼ਸਲ ਗੰਨਾ, ਝੋਨਾ, ਮੱਕੀ ਪਾਣੀ 'ਚ ਡੁੱਬ ਗਈ ਹੈ। ਅਸਲ ਅੰਕੜੇ ਇਸ ਤੋਂ ਵੀ ਵੱਧ ਹਨ। ਲਗਭਗ ਅੱਧਾ ਪੰਜਾਬ ਪਾਣੀ 'ਚ ਡੁੱਬਿਆ ਪਿਆ ਹੈ। ਭਾਖੜਾ ਡੈਮ ਆਫਰਿਆ ਪਿਆ ਹੈ। ਰਣਜੀਤ ਸਾਗਰ ਡੈਮ ਦੇ ਖੋਲ੍ਹੇ ਫਲੱਡ ਗੇਟਾਂ ਕਾਰਨ ਪਾਣੀ ਦਾ ਪੱਧਰ ਵਧਣ ਨਾਲ ਪਿੰਡਾਂ ਦੇ ਪਿੰਡ ਡੁੱਬ ਰਹੇ ਹਨ। ਮਾਲ- ਡੰਗਰ, ਪਸ਼ੂ-ਪੰਛੀ, ਮਾਲ-ਅਸਬਾਬ, ਮਰਦ-ਔਰਤਾਂ, ਬੱਚੇ-ਬਜ਼ੁਰਗ ਪੰਜਾਬ ਵਿੱਚ ਪਿਛਲੇ 37 ਸਾਲਾਂ 'ਚ ਆਏ ਸਭ ਤੋਂ ਭਿਆਨਕ ਹੜ੍ਹਾਂ ਨਾਲ ਜੂਝ ਰਹੇ ਹਨ। ਪੰਜਾਬ ਦੇ ਮਾਲ-ਅਸਬਾਬ ਦਾ ਅਰਬਾਂ-ਖ਼ਰਬਾਂ ਦਾ ਨੁਕਸਾਨ ਹੋ ਗਿਆ ਹੈ। ਸੈਂਕੜੇ ਮੌਤਾਂ ਹੋ ਗਈਆਂ ਹਨ।

ਜਿੱਥੇ ਕੱਲ ਖ਼ੁਸ਼ੀਆਂ ਸਨ, ਜ਼ਿੰਦਗੀ ਹੱਸਦੀ-ਮੁਸਕਰਾਉਂਦੀ ਸੀ, ਅੱਜ ਜ਼ਿੰਦਗੀ ਹੜ੍ਹਾਂ ਦੀ ਮਾਰ ਹੇਠ ਹੈ। ਲੋਕ ਦਰਦ, ਹੰਝੂਆਂ, ਸੰਘਰਸ਼ ਤੇ ਗੁੱਸੇ ਨਾਲ ਭਰੇ ਪਏ ਹਨ। ਫ਼ਿਕਰ ਇਸ ਗੱਲ ਦਾ ਹੈ ਕਿ ਪਾਣੀ ਘਟਣ ਉਪਰੰਤ ਜਦੋਂ ਉਹ ਮੁੜ ਘਰਾਂ ਨੂੰ ਵਾਪਸ ਆਉਣਗੇ, ਤਾਂ ਜ਼ਿੰਦਗੀ ਫਿਰ ਕਿਵੇਂ ਸ਼ੁਰੂ ਕਰਨਗੇ? ਉਹਨਾਂ ਦਾ ਗੁੱਸਾ ਸਰਕਾਰ ਅਤੇ ਪ੍ਰਸ਼ਾਸਨ ਦੇ ਖਿਲਾਫ਼ ਹੈ ਕਿ ਉਹਨਾਂ ਨੇ ਸਮੇਂ ਸਿਰ ਬਚਾਅ ਕਾਰਜ ਕਿਉਂ ਨਹੀਂ ਸ਼ੁਰੂ ਕੀਤੇ? ਪੁੱਲ ਜਿਹੜੇ ਟੁੱਟ ਰਹੇ ਸਨ, ਉਹਨਾਂ ਦੀ ਮੁਰੰਮਤ ਪਹਿਲਾਂ ਕਿਉਂ ਨਹੀਂ ਕੀਤੀ? ਜਦੋਂ ਰੇਤ ਖਨਨ ਹੋ ਰਿਹਾ ਸੀ ਅਤੇ ਜਿਸ ਨੇ ਦਰਿਆਵਾਂ ਦਾ ਸਰੂਪ ਹੀ ਵਿਗਾੜ ਦਿੱਤਾ, ਉਸ ਨੂੰ ਕਿਉਂ ਨਹੀਂ ਰੋਕਿਆ ਗਿਆ? ਸੜਕਾਂ ਦੀ ਮੁਰੰਮਤ ਕਿਉਂ ਨਹੀਂ ਕਰਵਾਈ ਗਈ?

ਸਰਕਾਰ ਆਖਦੀ ਤਾਂ ਇਹ ਹੈ ਕਿ ਉਸਦੇ ਖ਼ਜ਼ਾਨੇ ਮਾਲੋ-ਮਾਲ ਹਨ, ਭਰੇ ਪਏ ਹਨ, ਤਾਂ ਕਦੇ ਸ਼ਹਿਰਾਂ-ਪਿੰਡਾਂ ਦੀਆਂ ਸੜਕਾਂ ਦਾ ਹਾਲ ਕਿਉਂ ਨਹੀਂ ਵੇਖਦੀ? ਮੇਨ ਹਾਈਵੇ ਤੋਂ ਬਿਨਾਂ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਬੁਰਾ ਹਾਲ ਹੈ। ਸ਼ਹਿਰਾਂ ਦੀਆਂ ਸੜਕਾਂ 'ਚ ਟੋਏ ਹਨ। ਮੀਂਹ ਪੈਂਦਾ ਹੈ ਤਾਂ ਸੜਕਾਂ ਭਰ ਜਾਂਦੀਆਂ ਹਨ, ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਹੈ। ਆਖਰ ਪੰਜਾਬੀਆਂ ਦਾ ਕਸੂਰ ਕੀ ਹੈ ਜੋ ਉਹਨਾਂ ਨੂੰ ਸਰਕਾਰਾਂ ਨੇ ਆਪਣੇ ਹਾਲ 'ਤੇ ਛੱਡ ਦਿੱਤਾ ਹੈ?

ਦਰਿਆਈ ਪਾਣੀ ਦੀ ਵੰਡ ਦਾ ਮਸਲਾ ਆਉਂਦਾ ਹੈ ਤਾਂ ਦੂਜੇ ਰਾਜਾਂ ਲਈ ਵੱਧ ਪਾਣੀ ਦੀ ਹਾਲ-ਦੁਹਾਈ ਸੁਣਾਈ ਦਿੰਦੀ ਹੈ। ਭਾਖੜਾ ਮੈਨੇਜਮੈਂਟ ਬੋਰਡ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਉਸ ਉੱਤੇ ਪੂਰਾ ਕਬਜ਼ਾ ਚਾਹੁੰਦਾ ਹੈ। ਪਰ ਹੜ੍ਹਾਂ-ਮੀਂਹਾਂ ਵੇਲੇ ਛੱਡੇ ਪਾਣੀ ਨਾਲ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਨਿੱਤ ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕ ਅੱਜ ਅਤਿ ਦੇ ਪਰੇਸ਼ਾਨ ਹਨ।

ਹਾਲੇ ਦਿਨ ਹੀ ਬੀਤੇ ਹਨ ਕਿ ਪੰਜਾਬ ਦੇ ਕਿਸਾਨ ਆਪਣੀਆਂ ਜ਼ਮੀਨਾਂ ਸਰਕਾਰ ਤੋਂ ਬਚਾਉਣ ਲਈ ਸੜਕਾਂ ਉੱਤੇ ਸਨ, ਸੰਘਰਸ਼ ਕਰ ਰਹੇ ਸਨ। ਕੇਂਦਰ ਦੇ ਖੇਤੀ ਕਾਨੂੰਨਾਂ ਦੀ ਮਾਰ ਤੋਂ ਬਚਾਅ ਬਾਅਦ, ਸੂਬੇ ਦੀ ਸਰਕਾਰ ਦਾ ਜ਼ਮੀਨ ਹਥਿਆਉਣ ਦਾ "ਲੈਂਡ-ਪੂਲਿੰਗ" ਕਾਨੂੰਨ





ਉਹਨਾਂ ਦੀ ਨੀਂਦ ਹਰਾਮ ਕਰ ਰਿਹਾ ਸੀ। ਉਸ ਤੋਂ ਸਾਹ ਆਇਆ ਤਾਂ ਇਹਨਾਂ ਹੜ੍ਹਾਂ ਨੇ ਸਾਹ ਸੂਤ ਦਿੱਤੇ ਹਨ!

ਸਰਕਾਰ ਕਹਿੰਦੀ ਹੈ ਕਿ ਉਹ "ਹੜ੍ਹ - ਰਿਲੀਫ਼" ਦੇਣ ਲਈ ਪੱਬਾਂ ਭਾਰ ਹੈ, ਪਰ ਉਸ ਦੇ ਪੱਬ ਭਾਰ ਨਹੀਂ ਝੱਲ ਰਹੇ। ਲੋਕ ਹੀ ਲੋਕਾਂ ਦੀ ਮਦਦ ਕਰ ਰਹੇ ਹਨ। ਪਰ ਮੁਸੀਬਤ ਐਡੀ ਵੱਡੀ ਹੈ ਕਿ ਇਸਦਾ ਟਾਕਰਾ ਕਰਨਾ ਦਿਲ-ਗੁਰਦੇ ਦਾ ਹੀ ਕੰਮ ਨਹੀਂ; ਸਹੀ ਵਿਉਂਤਬੰਦੀ, ਸਾਜੋ-ਸਮਾਨ ਅਤੇ ਮਨੁੱਖੀ ਸਿਰਾਂ ਦੀ ਅਤਿਅੰਤ ਲੋੜ ਹੈ। ਲੋਕ ਘਰਾਂ 'ਚ ਬੈਠੇ ਹਨ। ਕੁਦਰਤ ਦੀ ਕਰੋਪੀ ਦੇ ਠੱਲ੍ਹ ਪੈ ਜਾਣ ਦੀ ਉਡੀਕ ਕਰ ਰਹੇ ਹਨ। ਆਪਣੇ ਕਰਮਾਂ ਤੇ ਸਰਕਾਰਾਂ ਨੂੰ ਦੋਸ਼ ਦੇ ਰਹੇ ਹਨ, ਰੱਬ ਅੱਗੇ ਅਰਦਾਸਾਂ ਕਰ ਰਹੇ ਹਨ। ਉਹ ਸੋਚਦੇ ਹਨ, ਮੁਸੀਬਤ ਆਈ ਹੈ, ਆਖਰ ਟਲ ਜਾਏਗੀ, ਪਰ ਇਹ ਮੁਸੀਬਤ ਮੁੜ ਨਾ ਆਏ, ਇਹੋ ਜਿਹੀ ਸਥਿਤੀ ਤੇ ਪ੍ਰਬੰਧ ਕਿਵੇਂ ਹੋਣਗੇ? ਇਸ ਸਭ ਕੁਝ ਲਈ ਤਾਂ ਆਖਰ ਸੋਚਣਾ ਹੀ ਪਏਗਾ ਸਰਕਾਰਾਂ ਨੂੰ, ਲੋਕਾਂ ਨੂੰ, ਬੁੱਧੀਮਾਨਾਂ ਨੂੰ, ਵਿਚਾਰਵਾਨਾਂ ਨੂੰ ਅਤੇ ਸਭ ਤੋਂ ਵੱਧ ਉਹਨਾਂ ਨੂੰ, ਜਿਹੜੇ "ਵੋਟਾਂ ਬਟੋਰਨ" ਲਈ ਇਸ ਦੁੱਖ ਦੀ ਘੜੀ 'ਚ ਵੀ ਸਿਆਸਤ ਕਰਨੋਂ ਨਹੀਂ ਟਲ ਰਹੇ।

ਹਿਮਾਲਾ ਖੇਤਰ ਇਸ ਵੇਲੇ ਬੱਦਲ ਫਟਣ, ਧਰਤੀ ਦੇ ਖਿਸਕਣ, ਮਿੱਟੀ ਦੇ ਖੋਰੇ ਅਤੇ ਹੜ੍ਹਾਂ ਦੀ ਤਰਾਸਦੀ ਨਾਲ ਜੂਝ ਰਿਹਾ ਹੈ। ਨਦੀਆਂ ਦਾ ਵਹਿਣ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਨਸ਼ਟ ਕਰ ਰਿਹਾ ਹੈ। ਇਸ ਮਾਨਸੂਨ ਵਿੱਚ ਸਥਿਤੀ ਭਿਅੰਕਰ ਹੋ ਗਈ ਹੈ। ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਬੁਨਿਆਦੀ ਢਾਂਚੇ ਤੇ ਘਰਾਂ ਨੂੰ ਤਹਿਸ-ਨਹਿਸ ਕਰ ਰਹੇ ਹਨ। ਸਾਇੰਸਦਾਨਾਂ ਨੇ ਇਹ ਖੁਲਾਸਾ ਕੀਤਾ ਹੈ ਕਿ ਹਿਮਾਲਾ ਖੇਤਰ 'ਚ ਜਿਹੜੇ ਹੜ੍ਹ 10 ਸਾਲਾਂ 'ਚ ਇੱਕ ਵਾਰੀ ਆਉਂਦੇ ਸਨ, ਉਹ ਇਸ ਵਾਰ ਦੋ ਮਹੀਨੇ 'ਚ ਤਿੰਨ ਵਾਰੀ ਆ ਗਏ ਹਨ। ਢਲਾਣਾਂ ਖਿਸਕਣ ਲੱਗੀਆਂ ਹਨ। ਅਚਾਨਕ ਆ ਰਹੇ ਹੜ੍ਹ ਜਾਨਲੇਵਾ ਹੋ ਗਏ ਹਨ। ਕਾਰਨ ਸਪੱਸ਼ਟ ਹੈ ਕਿ ਪਹਾੜਾਂ 'ਚ ਨਿਰਮਾਣ ਵੱਧ ਰਿਹਾ ਹੈ। ਕੰਕਰੀਟ ਦੀਆਂ ਇਮਾਰਤਾਂ ਜੰਗਲਾਂ ਦੀ ਜਗ੍ਹਾ ਲੈ ਰਹੀਆਂ ਹਨ। ਇਹ ਪਾਣੀ ਦਾ ਵਹਾਅ ਰੋਕ ਰਹੀਆਂ ਹਨ। ਪਹਾੜ ਅਸੁਰੱਖਿਅਤ ਹੋ ਰਹੇ ਹਨ।

ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼ 'ਚ ਹਾਲਾਤ ਵਿਗੜੇ ਹਨ। ਹਿਮਾਚਲ 'ਚ ਅਚਾਨਕ ਆਏ ਹੜ੍ਹ ਨੇ ਖਿੱਤੇ 'ਚ ਆਫ਼ਤ ਲਿਆ ਦਿੱਤੀ ਹੈ, ਜਿਸ ਦਾ ਖਮਿਆਜ਼ਾ ਹਿਮਾਚਲ ਪ੍ਰਦੇਸ਼ ਨਾਲੋਂ ਵੱਧ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਇਹ ਵਿਨਾਸ਼, ਇਹ ਤਬਾਹੀ ਆਖ਼ਰ ਹੋ ਕਿਉਂ ਰਹੀ ਹੈ?

ਕਾਰਨ ਸਪਸ਼ਟ ਹਨ। ਟੂਰਿਜ਼ਮ ਦਾ ਦਬਾਅ ਹਿਮਾਚਲ ਪ੍ਰਦੇਸ਼ ਵੱਲ ਜ਼ਿਆਦਾ ਹੈ। ਤੀਰਥ-ਯਾਤਰੀਆਂ ਦਾ ਹਿਮਾਚਲ ਪੁੱਜਣਾ ਵਧ ਰਿਹਾ ਹੈ। ਸਿੱਟੇ ਵਜੋਂ ਬੁਨਿਆਦੀ ਢਾਂਚੇ ਦਾ ਵਿਸਥਾਰ ਪਹਾੜਾਂ ਦੀ ਬਲੀ ਦੇ ਕੇ ਕੀਤਾ ਜਾ ਰਿਹਾ ਹੈ। ਨਾਜ਼ੁਕ ਖੇਤਰਾਂ 'ਚ ਹੋਟਲ, ਰਿਜ਼ੋਰਟ ਤੇਜ਼ੀ ਨਾਲ ਵਧੇ ਹਨ। ਸਿੱਟੇ ਵਜੋਂ ਹਿਮਾਚਲ ਦੇ ਸ਼ਹਿਰਾਂ 'ਚ ਅਬਾਦੀ ਵਧ ਰਹੀ ਹੈ। ਵਿਕਾਸ ਪਰਿਯੋਜਨਾਵਾਂ 'ਚ ਵਾਧਾ ਹੋ ਰਿਹਾ ਹੈ। ਨਦੀਆਂ ਦੇ ਤੱਟਾਂ ਉੱਤੇ ਭਵਨ ਨਿਰਮਾਣ ਕਾਰਨ ਜੋਖ਼ਮ ਵਧਿਆ ਹੈ।

ਪਿਛਲੇ 16 ਸਾਲਾਂ 'ਚ ਪਹਿਲੀ ਵਾਰ ਮਾਨਸੂਨ ਨੇ ਵੱਡੀ ਦਸਤਕ ਦਿੱਤੀ ਹੈ। ਜੂਨ, ਜੁਲਾਈ, ਅਗਸਤ ਵਿੱਚ ਭਾਰੀ ਮੀਂਹ ਨੇ ਬੇਹਾਲ ਕੀਤਾ ਹੈ। ਇਸ ਨਾਲ ਖੇਤੀ ਦੇ ਨਾਲ-ਨਾਲ ਸਮੂਹਿਕ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਮੌਸਮ ਨਿਰੰਤਰ ਬਦਲ ਰਹੇ ਹਨ। ਸਮਝ ਹੀ ਨਹੀਂ ਆਉਂਦਾ ਕਿ ਕਦੋਂ ਕਿਹੜੀ ਰੁੱਤ ਚੱਲ ਰਹੀ ਹੈ। ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਬੀਤੇ ਅੱਠ ਮਹੀਨਿਆਂ ਵਿੱਚ ਕਿਧਰੇ ਹੜ੍ਹ ਨਾਲ ਹਾਹਾਕਾਰ ਅਤੇ ਕਿਧਰੇ ਲੂ-ਪਸੀਨੇ ਨਾਲ ਗੜਬੜੀ

# 88 ਦੇ ਹੜ੍ਹ ਵਰਗੀ ਸਥਿਤੀ !



ਹੋ

ਰਹੀ ਹੈ। ਚਿੰਤਾਜਨਕ ਇਹ ਹੈ ਕਿ ਜਲਵਾਯੂ ਬਦਲ ਰਿਹਾ ਹੈ। ਇਸ ਦੇ ਨਾਲ-ਨਾਲ ਆਫ਼ਤਾਂ ਆਉਣ ਦੀ ਸੰਭਾਵਨਾ ਬਣ ਰਹੀ ਹੈ। ਇਸ ਨਾਲ ਸਿਹਤ ਵਿਗਾੜ ਵਧਣਗੇ।

ਪਰੇਸ਼ਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਨੂੰ ਵੱਡੀ ਖੁਰਾਕ ਦੇਣ ਵਾਲਾ ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਹੈ, ਇਸ ਨਾਲ ਫ਼ਸਲ ਉਤਪਾਦਕਤਾ ਉੱਤੇ ਵੱਡਾ ਅਸਰ ਪਏਗਾ। ਉਪਜਾਊ ਮਿੱਟੀ ਹੜ੍ਹਾਂ ਨਾਲ ਖੁਰ ਕੇ ਨਦੀਆਂ-ਸਮੁੰਦਰਾਂ ਦਾ ਹਿੱਸਾ ਬਣ ਜਾਏਗੀ। ਉਪਜਾਊ ਧਰਤੀ ਉਥੇ ਹੁਣ ਪੰਜਾਬ, ਜਿਹੜਾ ਖੇਤੀ ਲਈ ਕਦੇ ਜ਼ਮੀਨ ਹੇਠਲੇ ਪਾਣੀ ਦੀ ਥੁੜ੍ਹ ਦਾ ਸਾਹਮਣਾ ਕਰਕੇ ਮਾਰੂਥਲ ਬਣਨ ਵੱਲ ਵਧ ਰਿਹਾ ਹੈ ਉਸ ਦੀ ਧਰਤੀ ਦੀ ਉੱਪਰਲੀ ਉਪਜਾਊ ਮਿੱਟੀ ਦੇ ਖੁਰ ਜਾਣ ਨਾਲ ਆਖਰ ਖੇਤੀ-ਪ੍ਰਧਾਨ ਸੂਬੇ ਪੰਜਾਬ ਦਾ ਕੀ ਬਣੇਗਾ? ਉਂਝ ਵੀ, ਪਾਣੀ ਨੇ ਜਿਸ ਢੰਗ ਨਾਲ ਪੰਜਾਬ 'ਤੇ ਹਮਲਾ ਕੀਤਾ ਹੈ, ਉਸ ਨਾਲ ਮਲੇਰੀਆ, ਹੈਜ਼ਾ, ਡੇਂਗੂ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਫੈਲਣ ਦਾ ਖਤਰਾ ਵਧੇਗਾ। ਹੜ੍ਹਾਂ ਨਾਲ ਪਸ਼ੂਆਂ-ਜੀਵ ਜੰਤੂਆਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਹ ਘਾਤਕ ਬਣ ਗਿਆ ਹੈ। ਕੀ ਸਰਕਾਰਾਂ ਇਸ ਗੱਲ ਤੋਂ ਅਣਜਾਣ ਹਨ?

ਬੁਨਿਆਦੀ ਢਾਂਚੇ ਦੇ ਨਾਂ 'ਤੇ ਬਣ ਰਹੇ ਵੱਡੇ ਹਾਈਵੇ ਪਹਿਲਾਂ ਹੀ ਪੰਜਾਬ ਦੀ ਖੇਤੀ ਯੋਗ ਜ਼ਮੀਨ ਦਾ ਨਾਸ਼ ਕਰ ਰਹੇ ਹਨ, ਜਿਨ੍ਹਾਂ ਦਾ ਫ਼ਾਇਦਾ ਆਮ ਆਦਮੀ ਨੂੰ ਨਹੀਂ, ਸਿਰਫ਼ ਧੰਨ-ਕੁਬੇਰਾਂ ਨੂੰ ਹੈ। ਇਸ ਅਖੌਤੀ ਵਿਕਾਸ ਹਾਈਵੇ, ਕਾਰਪੋਰੇਟਾਂ ਲਈ ਕੱਚੇ ਮਾਲ ਦੀ ਢੋਆ-ਢੁਆਈ ਅਤੇ ਇਹਨਾਂ ਲਈ ਵੱਡੇ ਫ਼ਾਇਦੇ ਦੇਣ ਵੱਲ ਸੇਧਿਤ ਹੈ।

ਸਵਾਲ ਤਾਂ ਇਹ ਹੈ ਕਿ ਕੁਦਰਤ ਨਾਲ ਜ਼ਿਆਦਤੀਆਂ ਕਦੋਂ ਤੱਕ ਜਾਰੀ ਰਹਿਣਗੀਆਂ? ਕਦੋਂ ਸਰਕਾਰਾਂ ਦੀ ਸੋਚ ਲੋਕ-ਪੱਖੀ ਹੋਏਗੀ? ਕਦੋਂ ਇਹਨਾਂ ਮਾਰੂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਕਦੋਂ ਆਪਣੇ ਸੁੱਖ-ਚੈਨ ਲਈ ਜਲ, ਜ਼ਮੀਨ, ਜੰਗਲ ਨਾਲ ਜ਼ੁਲਮ ਅਤੇ ਬੇਇਨਸਾਫ਼ੀ ਕਰਕੇ ਬਣਾਈਆਂ ਜਾ ਰਹੀਆਂ ਯੋਜਨਾਵਾਂ ਉੱਤੇ ਰੋਕ ਲੱਗੇਗੀ? ਜਲ-ਜ਼ਮੀਨ-ਜੰਗਲ ਨਾਲ ਕੀਤਾ ਖਿਲਵਾੜ ਖਿੱਤੇ ਦੇ ਕੁਝ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਵੇਂ ਹਿਮਾਚਲ ਖੇਤਰ ਦੇ ਹਿੱਸੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਨੂੰ ਸਭ ਤੋਂ ਵੱਧ ਇਹ ਭੁਗਤਣਾ ਪੈ ਰਿਹਾ ਹੈ।

ਪਿਛਲੇ ਵਰ੍ਹਿਆਂ 'ਚ ਪੰਜਾਬ 'ਚ ਜੰਗਲਾਂ ਦਾ ਖੇਤਰ ਘਟਿਆ ਹੈ। ਖੇਤੀ ਜ਼ਮੀਨ ਉੱਤੇ ਲਗਾਤਾਰ ਡਾਕੇ ਪਏ ਹਨ। ਪਾਣੀ ਦੀ ਥੁੜ੍ਹ ਨੇ ਪੰਜਾਬ ਹੱਥਲ ਕਰ ਦਿੱਤਾ ਹੋਇਆ ਹੈ ਤੇ ਹੁਣ ਵਧੇਰੇ ਪਾਣੀ ਨੇ ਪੰਜਾਬ ਪਰੇਸ਼ਾਨ ਕੀਤਾ ਹੋਇਆ ਹੈ।

ਸਾਰੀਆਂ ਸਿਆਸੀ ਧਿਰਾਂ ਪੰਜਾਬ ਨੂੰ ਆਪਣੇ ਹੱਥ ਕਰਨ ਲਈ ਪੱਬਾਂ ਭਾਰ ਹਨ। ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਜਿਹਨਾਂ ਵਿੱਚ ਪਰਵਾਸ, ਬੇਰੁਜ਼ਗਾਰੀ, ਖੇਤੀ ਸੰਕਟ ਦੇ ਨਾਲ ਹੜ੍ਹਾਂ ਦੇ ਪ੍ਰਕੋਪ ਦਾ ਜੋ ਵਾਧਾ ਹੋ ਗਿਆ ਹੈ, ਉਸ ਨੂੰ ਹੱਲ ਕੌਣ ਕਰੇਗਾ? ਦੋਸ਼ ਤਾਂ ਪੰਜਾਬ 'ਤੇ ਬਥੇਰੇ ਲੱਗਦੇ ਹਨ ਕਿ ਪੰਜਾਬ ਵਿੱਚ ਪਰਾਲੀ ਸਾੜਨ ਨਾਲ ਦਿੱਲੀ ਦੂਸ਼ਿਤ ਹੁੰਦੀ ਹੈ, ਪੰਜਾਬ ਗੁਆਂਢੀ ਸੂਬਿਆਂ ਨੂੰ ਪਾਣੀ ਨਹੀਂ ਦਿੰਦਾ। ਪਰ ਪੰਜਾਬ 'ਚ ਆਫ਼ਤ ਸਮੇਂ ਪੰਜਾਬ ਨਾਲ ਕੌਣ ਖੜ੍ਹਿਆ ਹੈ ਅਤੇ ਖੜ੍ਹੇਗਾ? ਸਿਰਫ਼ ਵਕਤੀ ਸਹਾਇਤਾ, ਭੋਜਨ, ਰਿਲੀਫ਼ ਕੈਂਪ ਭਲਾ ਪੰਜਾਬੀਆਂ ਦਾ ਕੀ ਸੁਆਰਨਗੇ?

ਪੰਜਾਬ ਹੈਰਾਨ-ਪਰੇਸ਼ਾਨ ਹੈ ਭਾਈ! ਪੰਜਾਬੀ ਸੋਚਣ ਲੱਗੇ ਹਨ ਕਿ ਇਹ ਪੰਜਾਬ ਦੀ ਤਬਾਹੀ ਲਈ ਕੋਈ ਗਿਣੀ-ਮਿਥੀ ਸਾਜ਼ਿਸ਼ ਤਾਂ ਨਹੀਂ? ਜਿਵੇਂ ਸਾਜ਼ਿਸ਼ ਅਧੀਨ ਪੰਜਾਬ ਦਾ ਬਟਵਾਰਾ ਹੋਇਆ। ਜਿਵੇਂ ਪੰਜਾਬ

# ਪੰਜਾਬੀਆਂ ਦਾ ਦਰਿਆਵਾਂ ਨਾਲ ਮੱਥਾ ਲੱਗਾ ਹੋਇਆ ਹੈ ਫਿਰ ਵੀ ਹੌਂਸਲੇ ਬੁਲੰਦ ਹਨ




ਭਵਨਦੀਪ ਸਿੰਘ
ਪੁਰਬਾ (ਮੋਗਾ)
9988-92-9988




ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਅਤੇ ਤੇਜ਼ ਬਾਰਿਸ਼ਾਂ ਕਾਰਨ ਪੰਜਾਬ ਵਿੱਚ ਹਾਲਾਤ ਨਾਜ਼ੁਕ ਹੋ ਗਏ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਇਲਾਵਾ ਦੂਸਰੇ ਪਾਸੇ ਵੀ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਇਸ ਦਾ ਅੰਦਾਜਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਮਕਾਨਾਂ ਉੱਪਰ ਹਰੀ-ਹਰੀ ਜਿਲਬ ਜੰਮੀ ਹੋਈ ਆਮ ਹੀ ਦਿਸ ਰਹੀ ਹੈ। ਇਸ ਦੇ ਚੱਲਦਿਆਂ ਹੁਣ ਖਸਤਾ ਹਾਲ ਇਮਾਰਤਾਂ ਲੋਕਾਂ ਦੇ ਲਈ ਖਤਰਾ ਬਣ ਰਹੀਆਂ ਹਨ। ਇਸ ਦੀਆਂ ਤਾਜ਼ਾ ਉਦਾਹਰਨਾਂ ਮੋਗਾ ਸ਼ਹਿਰ ਵਿੱਚ ਵੀ ਵੇਖਣ ਨੂੰ ਮਿਲੀਆਂ ਹਨ। ਪੁਰਾਣੀ ਦਾਣਾ ਮੰਡੀ ਮੋਗਾ ਦੇ ਗੇਟ ਨੰ. 2 ਦੀ ਛੱਤ ਡਿੱਗ ਪਈ ਸੀ, ਮੋਗਾ ਦੀ ਮਸ਼ਹੂਰ ਬਾਗ ਗਲੀ ਦਾ ਗੇਟ ਮੇਨ ਬਾਜਾਰ ਵਾਲੇ ਪਾਸਿਓ ਅੱਧਾ ਡਿੱਗ ਪਿਆ। ਮੋਗਾ ਦੇ ਨੇੜਲੇ ਪਿੰਡ ਘੱਲ ਕਲਾਂ ਵਿੱਚ ਇੱਕ ਇਮਾਰਤ ਜੋ 100 ਸਾਲ ਤੋਂ ਵੱਧ ਪੁਰਾਣੀ ਸੀ ਉਹ ਵੀ ਲਗਾਤਾਰ ਬਾਰਿਸ਼ਾਂ ਕਾਰਨ ਢਹਿ-ਢੇਰੀ ਹੋ ਗਈ ਹੈ। ਇਹ ਇਮਾਰਤ ਉੱਘੇ ਕਿਸਾਨ ਆਗੂ ਗੁਲਜਾਰ ਸਿੰਘ ਘੱਲਕਲ੍ਹਾਂ ਦੀ ਸੀ ਉਸ ਦਾ ਪੂਰਾ ਘਰ ਤਬਾਹ ਹੋ ਗਿਆ ਹੈ। ਸ਼ਹਿਰ ਦੇ ਘਰ ਵੀ ਆਮ ਹੀ ਇਸ ਬਾਰਿਸ਼ ਨਾਲ ਚੋਣ ਲੱਗ ਪਏ ਹਨ। ਇੱਕ ਹੜ੍ਹ ਅਤੇ ਦੂਸਰਾ ਲਗਾਤਾਰ ਬਾਰਿਸ਼, ਪੰਜਾਬ ਵਿੱਚ ਤਬਾਹੀ ਕਰ ਰਹੀ ਹੈ। ਹੜ੍ਹਾਂ ਦਾ ਪ੍ਰਭਾਵ ਸਾਰੇ ਪੰਜਾਬ ਵਿੱਚ ਹੀ ਦਿਸ ਰਿਹਾ ਹੈ ਪਰ ਦਰਿਆਵਾਂ ਤੇ ਬੰਨ੍ਹਾਂ ਦੇ ਨਾਲ ਲੱਗਦੇ ਪਿੰਡ ਜ਼ਿਆਦਾ ਖ਼ਤਰੇ ਵਿੱਚ ਹਨ। ਪੰਜਾਬ ਵਿੱਚ ਆਏ ਭਿਆਨਕ ਹੜ੍ਹਾ ਅਤੇ ਤੇਜ਼ ਬਾਰਿਸ਼ਾ ਕਾਰਨ





ਮੌਜੂਦਾ ਖਤਰੇ ਦੀ ਸਥਿਤੀ ਨੂੰ ਵੇਖਦਿਆਂ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਦੇ ਸਾਰੇ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ/ ਪ੍ਰਾਈਵੇਟ ਸਕੂਲਾਂ/ਕਾਲਜਾਂ/ ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜਾਂ ਵਿੱਚ ਲਗਾਤਾਰ ਛੁੱਟੀਆਂ ਵਧ ਰਹੀਆਂ ਹਨ। ਇਸ ਨਾਜ਼ੁਕ ਸਥਿਤੀ ਦੇ ਸਮੇਂ ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਵੀ ਹੈ। ਚਾਹੇ ਆਨਲਾਈਨ ਕਲਾਸਾਂ ਲੱਗ ਰਹੀਆਂ ਹਨ ਪਰ ਫਿਰ ਵੀ ਇਸ ਨਾਲ ਬੱਚਿਆਂ ਦੀ ਪੜ੍ਹਾਈ ਤੇ ਬੁਰਾ ਅਸਰ ਪੈ ਰਿਹਾ ਹੈ।

ਪੰਜਾਬ ਵਿੱਚ ਆਏ ਇਨ੍ਹਾਂ ਹੜ੍ਹਾਂ ਦਾ ਦੁੱਖ ਉਹੀ ਜਾਣਦੇ ਹਨ ਜੋ ਇਨ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਆਪਣੇ ਘਰ ਛੱਡਣੇ ਬਹੁਤ ਔਖੇ ਹਨ। ਰਾਤ ਦੇ ਹਨੇਰੇ ਵਿੱਚ ਦਰਿਆ ਦੇ ਕੰਡੇ ਮੱਛਰਾਂ ਤੇ ਪਾਣੀ ਦੇ ਜੀਵ ਜੰਤੂਆਂ ਵਿੱਚ ਬਿਨ੍ਹਾਂ ਛੱਤ ਦੇ ਰਹਿਣਾ ਕੋਈ ਸੌਖੀ ਗੱਲ ਨਹੀਂ ਹੁੰਦੀ, ਮਜਬੂਰੀ ਵਿੱਚ ਰਹਿਣਾ ਪੈਂਦਾ ਹੈ। ਪ੍ਰਮਾਤਮਾਂ ਅਜਿਹੀਆਂ ਆਫਤਾ ਤੋਂ ਬਚਾ ਕੇ ਰੱਖੇ, ਮੇਹਰ ਕਰੇ, ਕਦੇ ਕੋਈ ਅਜਿਹੀ ਆਫਤ ਨਾ ਆਵੇ। ਪਰ ਐਤਕੀ ਇੱਕ ਗੱਲ ਸਕੂਨ ਦੇਣ ਵਾਲੀ ਹੋਈ ਕਿ ਫਲੱਡ 2025 ਵਿੱਚ ਪੰਜਾਬੀਆਂ ਨੇ ਪੰਜਾਬੀਆਂ ਦੀ ਬਾਂਹ ਫੜੀ ਹੈ। ਲੰਗਰ ਪਾਣੀ, ਪਸ਼ੂਆਂ ਦਾ ਚਾਰਾ ਆਦਿ ਕਿਸੇ ਪ੍ਰਕਾਰ ਦੀ ਕੋਈ ਟੋਟ ਨਹੀਂ ਆਉਣ ਦਿੱਤੀ। ਵੈਸੇ ਤਾਂ ਸਾਰੀ ਦੁਨੀਆਂ ਵਿੱਚ ਜਿਥੇ ਵੀ ਕੋਈ ਆਫਤ ਜਾਂ ਮੁਸ਼ਕਿਲ ਆਉਂਦੀ ਹੈ ਤਾਂ ਪੰਜਾਬੀ ਲੰਗਰ ਲੈ ਕੇ ਉਥੇ ਪਹੁੰਚ ਜਾਂਦੇ ਹਨ। ਇਹ ਤਾਂ ਫਿਰ ਆਪਣਾ ਪੰਜਾਬ ਹੈ। ਠੀਕ ਹੈ ਕਿ ਦਾਲ ਵਿੱਚ ਕੋਕੜੂ ਹੁੰਦੇ ਹਨ। ਦਰਿਆਵਾਂ ਦੇ ਕੰਢਿਆਂ ਤੇ ਕੁੱਝ ਠੱਗ ਲੋਕ ਵੀ ਆ ਕੇ ਬੈਠ ਗਏ ਹਨ ਜਿਹੜੇ ਹੜ੍ਹ ਪੀੜਤਾਂ ਲਈ ਆਇਆ ਰਾਸ਼ਨ, ਚਾਰਾ ਤੇ ਹੋਰ





ਸਮਾਨ ਇਕੱਠਾ ਕਰ ਲੈਂਦੇ ਹਨ ਤੇ ਅਗਾਂਹ ਵੇਚ ਦਿੰਦੇ ਹਨ। ਮਰੀਆਂ ਜ਼ਮੀਰਾਂ ਵਾਲਿਆਂ ਦਾ ਤਾਂ ਕੋਈ ਹੱਲ ਨਹੀਂ ਪਰ ਸੇਵਾ ਕਰਨ ਵਾਲਿਆਂ ਨੂੰ ਉਸ ਦਾ ਫਲ ਮਿਲ ਜਾਂਦਾ ਹੈ। ਹੜ੍ਹ ਪੀੜਤ ਇਲਾਕਿਆਂ ਵਿੱਚ ਖ਼ੁਦ ਪਹੁੰਚ ਕੇ ਘਰ ਘਰ ਜਾਕੇ ਸਹਾਇਤਾ ਪਹੁੰਚਾਉਗੇ ਤਾਂ ਮੁਸੀਬਤ ਵਿੱਚ ਫਸੇ ਲੋਕਾਂ ਦੀ ਖ਼ੁਦ ਹੀ ਪਹਿਚਾਨ ਆ ਜਾਂਦੀ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਵਲੰਟੀਅਰ, ਖ਼ਾਲਸਾ ਏਡ, ਵਾਰਿਸ ਪੰਜਾਬ ਦੇ, ਮਹਿਕ ਵਤਨ ਦੀ ਫਾਉਂਡੇਸ਼ਨ, ਗਲੋਬਲ ਸਿੱਖ ਆਦਿ ਹੋਰ ਵੀ ਕਈ ਸੰਸਥਾਵਾਂ ਹਨ ਜਿਨ੍ਹਾਂ ਦੇ ਵਲੰਟੀਅਰ ਜਿਹੜੀਆਂ ਦਰਿਆਵਾ ਵਿੱਚ ਫਸੇ ਲੋਕਾਂ ਦੇ ਘਰ ਘਰ ਜਾ ਕੇ ਰਾਹਤ ਸਮੱਗਰੀ ਪਹੁੰਚਾਉਦੀਆਂ ਹਨ। ਠੱਗ ਲੋਕ ਉਨ੍ਹਾਂ ਦੇ ਨੇੜੇ ਨਹੀਂ ਆਉਂਦੇ।

ਇਹ ਮੰਨਣ ਵਾਲੀ ਗੱਲ ਹੈ ਕਿ ਜਿਹੜੀ ਚੀਜ਼ ਸਭ ਤੋਂ ਪਿਆਰੀ ਹੁੰਦੀ ਹੈ ਉਸ ਨੂੰ ਹਮੇਸ਼ਾ ਨਜ਼ਰ ਲੱਗਦੀ ਹੈ। ਪੰਜਾਬ ਨਾਲ ਵੀ ਇਹੀ ਹੋ ਰਿਹਾ ਹੈ। ਆਏ ਦਿਨ ਪੰਜਾਬ ਤੇ ਕੋਈ ਨਾ ਕੋਈ ਆਫਤ ਜਾਂ ਮੁਸ਼ਕਿਲ ਆਈ ਰਹਿੰਦੀ ਹੈ, ਜਿਸ ਨਾਲ ਪੰਜਾਬ ਜੂਝਦਾ ਹੈ ਲੜਦਾ ਹੈ ਤੇ ਜਿੱਤ ਪ੍ਰਾਪਤ ਕਰਦਾ ਹੈ। ਹਰ ਮੁਸ਼ਕਿਲ ਤੋਂ ਬਾਅਦ ਪੰਜਾਬ ਪਹਿਲਾਂ ਨਾਲੋਂ ਜ਼ਿਆਦਾ ਨਿਖਰ ਜਾਂਦਾ ਹੈ। ਇਹ ਆਫਤਾਂ ਕੁਦਰਤੀ ਵੀ ਹਨ ਅਤੇ ਸਿਆਸੀ ਦਖਲ ਅੰਦਾਜੀਆਂ ਵੀ ਹਨ। ਸਿਆਸਤ ਦਾ ਹਿੱਸਾ ਵੀ ਹਨ। ਭਾਰਤੀ ਕਿਸਾਨ ਯੂਨੀਅਨਾਂ ਅਤੇ ਹੋਰ ਕਈ ਸਮਾਜਿਕ ਜੱਥੇਬੰਦੀਆਂ ਦਾ ਕਹਿਣਾ ਹੈ ਕਿ ਜੋ ਪੰਜਾਬ ਅੰਦਰ ਹੜ੍ਹਾਂ ਦੀ ਮਾਰ ਪਈ ਹੈ। ਇਹ ਕੋਈ ਕੁਦਰਤੀ ਆਫਤਾਂ ਨਹੀਂ ਇਹ ਸੋਚੀ ਸਮਝੀ ਸਾਜਿਸ਼ ਦਾ ਨਤੀਜਾ ਹੈ। ਇਹ ਤਾਂ ਸਿਰਫ ਤੇ ਸਿਰਫ ਪੰਜਾਬ ਨੂੰ ਡੋਬਣ ਲਈ ਸਾਰਾ ਵਰਤਾਰਾ ਸਿਰਜਿਆ ਗਿਆ ਹੈ ਕਿਉਂਕਿ ਪੰਜਾਬ ਨਾ ਕੇਂਦਰ ਸਰਕਾਰ ਤੇ ਨਾ ਪੰਜਾਬ ਸਰਕਾਰ ਦੇ ਅੱਗੇ ਝੁਕਿਆ ਹੈ। ਪਹਿਲਾਂ ਕੇਂਦਰ ਸਰਕਾਰ ਤਿੰਨ ਕਾਲੇ ਕਾਨੂੰਨ ਲੈ ਕੇ ਆਈ, ਫੇਰ ਪੰਜਾਬ ਸਰਕਾਰ ਲੈਂਡ ਪੋਲਿੰਗ ਪੋਲਿਸੀ ਲੈ ਕੇ ਆਈ ਪਰ ਇਹਨਾਂ ਤੋਂ ਪੰਜਾਬ ਦਾ ਕਿਸਾਨ ਨਹੀਂ ਦੱਬਿਆ। ਇਸ ਲਈ ਹੁਣ ਦੋਨਾਂ ਸਰਕਾਰਾਂ ਨੇ ਰਲ ਮਿਲ ਕੇ ਪੰਜਾਬ ਨੂੰ ਡੋਬਣ ਲਈ ਪੰਜਾਬ ਦੇ ਕਿਸਾਨ ਨੂੰ ਮਾਰਨ ਲਈ ਹੜ੍ਹਾਂ ਵਾਲੀ ਚਾਲ ਚੱਲੀ ਹੈ ਜੋ ਅਤੀ ਨਿੰਦਣਯੋਗ ਅਤੇ ਮੰਦਭਾਗੀ ਹੈ। ਇਥੇ ਇਹ ਵੀ ਵੇਖਣ ਨੂੰ ਮਿਲਿਆ ਹੈ ਕਿ ਸਿਆਸੀ ਧਰ ਦੇ ਐਮ.ਐਲ.ਏ. ਜਾਂ ਕੋਈ ਵੀ ਲੀਡਰ ਹਨ ਉਹ ਕਿਸਾਨ ਆਗੂਆਂ ਬਾਰੇ ਗਲਤ ਮਲਤ ਬੋਲ ਰਹੇ ਹਨ ਜਾਂ ਕਹਿ ਰਹੇ ਹਨ ਕਿ ਇਹ ਹਰੀਆਂ ਪੱਗਾਂ ਵਾਲੇ ਵਿਹਲੜ ਤੁਰੇ ਫਿਰਦੇ ਹਨ। ਉਹਨਾਂ ਲੀਡਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੋ ਹੜ੍ਹਾਂ ਵਿੱਚ ਇਸ ਟਾਈਮ ਨੌਜਵਾਨ ਮੁੰਡੇ ਕੁੜੀਆਂ ਬਜ਼ੁਰਗ ਟਰਾਲੀਆਂ ਟਰੈਕਟਰ ਲੈ ਕੇ ਹੜ੍ਹ ਪੀੜਤਾਂ ਦੀ ਮਦਦ ਕਰ ਰਹੇ ਹਨ ਉਹ ਕਿਸਾਨਾਂ ਦੇ ਹੀ ਪੁੱਤ ਹਨ ਜੋ ਆਪਣੇ ਟਰੈਕਟਰ ਲੈ ਕੇ ਹੜ੍ਹ ਪੀੜਤ ਇਲਾਕਿਆਂ ਵਿੱਚ ਆਪਣੀ ਜਾਨ ਤਲੀ ਤੇ ਰੱਖ ਕੇ ਹੜ ਪੀੜਤਾਂ ਦੀ ਸੇਵਾ ਕਰ ਰਹੇ ਹਨ।

ਮੈਂ ਕਿਸੇ ਸਿਆਸੀ ਪਾਰਟੀ ਨਾਲ ਸੰਬੰਧ ਨਹੀਂ ਰੱਖਦਾ। ਪਰ ਜੋ ਲੋਕ ਆਪਣੇ ਅਹੁਦੇ ਦਾ ਗੁਮਾਨ ਛੱਡ ਕੇ ਜ਼ਮੀਨੀ ਪੱਧਰ ਤੇ ਲੋਕਾਂ ਦੀ, ਹੜ੍ਹ ਪੀੜਤਾਂ ਦੀ ਸਹਾਇਤਾ ਕਰ ਰਹੇ ਹਨ ਉਨ੍ਹਾਂ ਦੀ ਸ਼ਲਾਘਾ ਵੀ ਕਰਨੀ ਬਣਦੀ ਹੈ। ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਭੈਣ ਸ਼ਾਕਸ਼ੀ ਸਾਹਨੀ ਜਿਸ ਨੇ ਸਾਰੇ ਪੰਜਾਬੀਆਂ ਦਾ ਦਿਲ ਜਿੱਤ ਲਿਆ। ਡੀ.ਸੀ. ਤਾਂ ਹੋਰ ਵੀ ਬਥੇਰੇ ਆਏ ਹੋਣਗੇ ਪਰ ਇਸ ਸ਼ੇਰਨੀ ਨੇ ਸਰਕਾਰ ਦੀ ਦਿੱਤੀ ਤਨਖਾਹ ਦਾ ਮੁੱਲ ਹੀ ਨਹੀਂ ਮੋੜਿਆ ਸਗੋਂ ਦੁਨੀਆਂ ਨੂੰ ਦਿਖਾ ਦਿੱਤਾ ਕਿ ਧੀਆਂ ਆਪਣੀ ਸਿਆਣਪ ਨਾਲ ਕੀ ਕੁੱਝ ਕਰ ਸਕਦੀਆਂ ਹਨ। ਇਥੇ ਉਹ ਵੀ ਮੂਰਖ ਜ਼ਨਾਨੀਆਂ ਹਨ ਜਿਹੜੀਆਂ ਕਿਸਾਨਾਂ ਨੂੰ ਮੱਤਾਂ ਦਿੰਦੀਆਂ ਹਨ ਕਿ ਮੋਗੇ ਕਿਵੇਂ ਬੰਦ ਕਰੀਦੇ ਹੁੰਦੇ ਆ, ਉਸ ਨੂੰ ਪੁੱਛਣ

ਵਾਲਾ ਹੋਵੇ ਵੀ ਬੀਬੀ ਜਿਨਾਂ ਨੇ ਸਾਰੀ ਉਮਰ ਖੇਤਾਂ 'ਚ ਕੱਢਤੀ ਤੂੰ ਉਹਨਾਂ ਨੂੰ ਦੱਸੇਗੀ। ਚਲੋ ਛੱਡੋ ਗੱਲ ਸਿਆਸਤ ਵੱਲ ਹੋ ਤੁਰੀ ਪਰ "ਸਾਕਸ਼ੀ ਸਾਹਨੀ" ਦੀ ਮਿਹਨਤ ਅਤੇ ਉਸ ਦਾ ਪੰਜਾਬੀਆਂ ਪ੍ਰਤੀ ਪਿਆਰ 'ਪੰਜਾਬ' ਹਮੇਸ਼ਾ ਯਾਦ ਰੱਖੂਗਾ। ਦਿਲਜੀਤ ਦੁਸਾਂਝ ਦੀ ਮੈਨੇਜਰ 'ਸੋਨਾਲੀ' ਵੀ ਭਾਗਾਂ ਵਾਲੀ ਕੁੜੀ ਹੈ ਜਿਹੜੀ ਇਨ੍ਹੇ ਵੱਡੇ ਸਟਾਰ ਦੀ ਮੈਨੇਜਰ ਹੋ ਕੇ ਵੀ ਸਾਦਗੀ ਨਾਲ ਲੋਕਾਂ ਵਿੱਚ ਵਿਚਰ ਰਹੀ ਹੈ। ਇਸੇ ਤਰ੍ਹਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਡਾਕਟਰ ਐਸ.ਪੀ. ਸਿੰਘ ਉਬਰਾਏ ਜਿਨ੍ਹਾਂ ਪਹਿਲ ਕਦਮੀ ਕਰਦਿਆ ਹੜ੍ਹ ਦੀ ਸਥਿਤੀ ਬਨਣ ਸਾਰ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਹੜ੍ਹ ਪੀੜਤਾਂ ਲਈ ਡੇਢ ਕਰੋੜ ਦਾ ਪੈਕੇਜ ਜਾਰੀ ਕਰ ਦਿੱਤਾ ਤੇ ਐਲਾਨ ਕੀਤਾ ਕਿ ਜਦ ਤਕ ਲੋੜ ਹੈ, ਸਪਲਾਈ ਜਾਰੀ ਰਹੇਗੀ ਅਤੇ ਕੋਈ ਵੀ ਪਸ਼ੂ ਭੁੱਖਾ ਨਹੀਂ ਰਹੇਗਾ, ਸੁੱਕਾ ਰਾਸ਼ਨ ਵੀ ਮੁੱਕਣ ਨਹੀਂ ਦਿੱਤਾ ਜਾਵੇਗਾ, ਹੋਰ ਵੀ ਜਿੱਥੇ ਵੀ ਕਿਤੇ ਵੀ ਕੋਈ ਲੋੜ ਹੋਈ ਉਥੇ ਹਰ ਲੋੜ ਟਰੱਸਟ ਵੱਲੋਂ ਪੂਰੀ ਕੀਤੀ ਜਾਵੇਗੀ। ਔਰਤਾਂ ਤੇ ਬੱਚਿਆਂ ਦਾ ਸਮਾਨ, ਮੱਛਰ ਦਾਨੀਆਂ, ਤਰਪਾਲਾਂ, ਫੋਕ ਮਸ਼ੀਨਾ, ਕਿਸ਼ਤੀਆਂ, ਪਸ਼ੂਆਂ ਦਾ ਚਾਰਾ, ਪਾਣੀ ਦੀਆਂ ਬੋਤਲਾਂ ਆਦਿ ਸਭ ਕੁੱਝ ਮੁਹੱਈਆ ਕਰਵਾ ਰਹੇ ਹਨ। ਉਨ੍ਹਾਂ ਨੇ ਤਾਂ ਆਉਣ ਵਾਲੇ ਸਮੇਂ ਲਈ ਵੀ ਆਖ ਦਿੱਤਾ ਕਿ ਜਿਵੇਂ ਹੀ ਪਾਣੀ ਘਟਣਾ ਸ਼ੁਰੂ ਹੋਵੇਗਾ ਤਾਂ ਅਗਲੀ ਲੋੜ ਦਵਾਈਆਂ ਅਤੇ ਘਰਾਂ ਦੀ ਮੁਰੰਮਤ ਦੀ ਹੋਵੇਗੀ। ਟਰੱਸਟ ਵੱਲੋਂ ਪਸ਼ੂਆਂ ਅਤੇ ਲੋਕਾਂ ਲਈ ਦਵਾਈਆਂ ਦੀ ਵੱਡੀ ਸਪਲਾਈ ਅਤੇ ਡਾਕਟਰਾਂ ਦੀ ਟੀਮ ਤਿਆਰ ਕੀਤੀ ਜਾ ਰਹੀ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਵਲੰਟੀਅਰ ਆਪਣੇ ਆਪਣੇ ਜ਼ਿਲ੍ਹੇ ਵਿੱਚ ਦਿਨ ਰਾਤ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਵੈਸੇ ਪੰਜਾਬੀ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ। ਪੰਜਾਬੀਆਂ ਦਾ ਦਰਿਆਵਾਂ ਨਾਲ ਮੱਥਾਂ ਲੱਗਾ ਹੋਇਆ ਹੈ ਫਿਰ ਵੀ ਹੌਸਲੇ ਬੁਲੰਦ ਹਨ। ਉਨ੍ਹਾਂ ਨੂੰ ਪਾਣੀ ਦੀ ਬੋਤਲ ਫੜਾਈਏ ਤਾਂ ਅੱਗੋਂ ਚਾਹ ਪੁੱਛਦੇ ਹਨ। ਉਨ੍ਹਾਂ ਦੇ ਚਿਹਰਿਆਂ ਤੇ ਕੋਈ ਘਬਰਾਹਟ ਜਾਂ ਡਰ ਨਹੀਂ ਸਗੋਂ ਹਾਲਾਤਾ ਨਾਲ ਲੜਨ ਦੀ ਹਿੰਮਤ ਹੈ।

ਸਿਆਸੀ ਲੋਕ ਆਪਣੀਆਂ ਵੋਟਾਂ ਲਈ ਵੀ ਦਿਖਾਵਾ ਕਰਨ ਪਹੁੰਚ ਜਾਂਦੇ ਹਨ ਪਰ ਅਸਲੀਅਤ ਵਿੱਚ ਕੌਣ ਕੀ ਕਰ ਰਿਹਾ ਹੈ, ਲੋਕ ਸਭ ਜਾਣਦੇ ਹਨ। ਚਲੋ ਜੋ ਵੀ ਸਿਆਸੀ ਆਗੂ ਜਿਨ੍ਹਾਂ ਵੀ ਯੋਗਦਾਨ ਪਾ ਰਿਹਾ ਹੈ, ਉਸ ਦਾ ਸਵਾਗਤ ਹੈ। ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੇ ਨਾਲ ਵਿਧਾਇਕ ਨਰੇਸ਼ ਕਟਾਰੀਆ ਜੀ ਨਿਮਾਣੇ ਜਿਹੇ ਹੋ ਕੇ ਸੇਵਾ ਕਰ ਰਹੇ ਹਨ, ਕੁਲਦੀਪ ਸਿੰਘ ਧਾਲੀਵਾਲ ਇਸ ਬਾਰੇ ਜੋ ਮੈਂ ਹੁਣ ਵੇਖਿਆ ਆਹ ਬੰਦੇ ਦੀ ਵੀ ਇੱਕ ਖਾਸੀਅਤ ਹੈ ਇਹਨੂੰ ਕੀ ਕੁਝ ਨਹੀਂ ਬੋਲੇ ਲੋਕ। ਅਖੇ ਜੀ ਤੁਤਲਾ ਬੋਲਦਾ ਕਦੇ "ਤਮਾਤਰ" ਕਦੇ ਕੁਛ। ਨਾ ਇਹਦੇ ਨਾਲ ਸਰਕਾਰ ਨੇ ਭਲੀ ਗੁਜਾਰੀ ਹੈ? ਪਰ ਨਾ ਤਾਂ ਇਹ ਕਦੇ ਪਿੱਛੇ ਮੁੜ ਕੇ ਕਿਸੇ ਨਾਲ ਲੜਿਆ ਤੇ ਨਾ ਹੀ ਕਿਸੇ ਦੀ ਗੱਲ ਦਾ ਗੁੱਸਾ ਕੀਤਾ ਪਰ ਜਿੱਦਣ ਦੇ "ਹੜ੍ਹ" ਆਏ ਹਨ ਇਹਨੇ ਆਵਦੇ ਘਰੇ ਬਹਿ ਕੇ ਰੋਟੀ ਨਹੀਂ ਖਾਧੀ। ਅਫਸਰਾਂ ਨਾਲ ਲੜਦਾ ਝਗੜਦਾ, ਮੱਥਾ ਖਪਾਈ ਕਰਦਾ, ਜਿੰਨੇ ਜੋਗਾ ਹੈਗਾ ਨਾਲ ਖੜ੍ਹਾ ਤੇ ਜਿਹੜੇ ਲੀਡਰ ਸਾਫ "ਤੋਤੇ ਵਾਂਗੂ" ਬੋਲਦੇ ਸੀ ਉਹਨਾਂ ਨੇ ਕਿਸੇ ਦੀ ਸਾਰ ਨਹੀਂ ਲਈ। ਕਈ ਸਿਆਸੀ ਲੋਕ ਅਤੇ ਕਲਾਕਾਰ ਅਜਿਹੇ ਵੀ ਆਉਂਦੇ ਹਨ, ਜਿਨ੍ਹਾਂ ਨਾਲ ਇੰਨ੍ਹਾਂ ਜ਼ਿਆਦਾ ਲਾਮ ਲਸ਼ਕਰ ਹੁੰਦਾ ਹੈ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਬਚਾਉਣ ਵਾਲੇ ਕਾਰਜ ਰੁੱਕ ਜਾਂਦੇ ਹਨ। ਕਿਸ਼ਤੀਆਂ ਵੀ ਰਾਹਤ ਕਾਰਜਾਂ ਤੋਂ ਹਟ ਕੇ ਇਹਨਾਂ ਦੇ ਕੰਮ ਲੱਗ ਜਾਂਦੀਆਂ ਹਨ। ਕਈਆਂ ਨੇ ਤਾਂ ਹੜ੍ਹ ਪੀੜਤ ਇਲਾਕੇ ਟੂਰਿਸਟ ਸਪਾਟ ਬਣਾਏ ਹੋਏ ਆ, ਆਉਂਦੇ ਹਨ, ਫੋਟੋ ਕਰਵਾਉਂਦੇ ਹਨ, ਵੀਡਿਓ ਬਣਵਾਉਂਦੇ ਹਨ ਅਤੇ ਨੌਂ ਦੋ ਗਿਆਰਾਂ ਹੋ ਜਾਂਦੇ ਹਨ। ਅਜਿਹੇ ਸਿਆਸੀ ਲੀਡਰ ਤੇ ਕਲਾਕਾਰ ਤਾਂ ਆਪਣੇ ਘਰਾਂ ਵਿੱਚ ਹੀ ਚੰਗੇ ਹਨ।


ਪੱਤਰਕਾਰ ਰਾਜਵਿੰਦਰ ਰੌਤਾਂ ਨੇ ਲਿਖਿਆ ਹੈ ਕਿ ਜੇਕਰ ਕਿਸੇ ਨੇ ਧਰਤੀ ਉਪਰ ਰੱਬ ਵੇਖਣਾ ਹੈ ਤਾਂ ਹੜ੍ਹਾਂ ਵਾਲੇ ਇਲਾਕੇ ਵਿੱਚ ਜਾਓ। ਉਥੇ ਤੁਹਾਨੂੰ ਧਰਤੀ ਉੱਪਰ ਇਨਸਾਨਾਂ ਵਿੱਚ ਰੱਬ ਮਿਲੇਗਾ, ਜਿਹੜੇ ਦੁੱਖ ਦੀ ਘੜੀ ਵਿੱਚ ਰੱਬ ਬਣ ਕੇ ਬਹੁੜ ਰਹੇ ਹਨ। ਜਿਹੜੇ ਲੋਕ ਬਿਨਾਂ ਕਿਸੇ ਲੋਭ ਲਾਲਚ ਦੇ ਰਾਸ਼ਨ, ਲੰਗਰ, ਚਾਰਾ, ਨਗਦ ਪੈਸੇ ਦੇ ਰਹੇ ਹਨ। ਕਿਸ਼ਤੀਆਂ ਬਣਾ ਰਹੇ, ਪਹੁੰਚਾ ਰਹੇ ਹਨ। ਪਿੰਡਾਂ ਨੂੰ ਗੋਦ ਲੈ ਰਹੇ ਹਨ। ਆਖ ਰਹੇ ਹਨ ਕਿ ਅਗਾਂਹ ਵੀ ਨਾਲ ਹਾਂ ਇਉਂ ਨੀ ਮਰਨ ਦਿੰਦੇ। ਪਾਣੀ ਉਤਰਨ ਤੋਂ ਬਾਅਦ ਮੁੜ ਸਥਾਪਤ ਹੋਣਾ ਸੌਖਾ ਨਹੀਂ ਹੈ। ਜ਼ਮੀਨਾਂ ਉੱਪਰ ਰੇਤ, ਰਾਹ, ਸੜਕਾਂ ਖਰਾਬ, ਲੱਖਾਂ ਦੀਆਂ ਕੋਠੀਆ ਘਰ ਅਤੇ ਘਰਾਂ ਅੰਦਰ ਸਮਾਨ ਮਿੱਟੀ ਹੋ ਗਿਆ। ਸਰਕਾਰੀ ਤੌਰ ਤੇ ਪੰਜਾਹ ਤੋਂ ਸੱਠ ਹਜ਼ਾਰ ਕਰੋੜ ਦਾ ਨੁਕਸਾਨ ਮੰਨਿਆ ਜਾ ਰਿਹਾ ਪਰ ਇਸ ਤੋਂ ਵੀ ਜ਼ਿਆਦਾ ਹੋਵੇਗਾ। ਜਿਸ ਦੀ ਭਰਪਾਈ ਸੰਭਵ ਨਹੀਂ ਹੈ। ਸੋਚ ਕੇ ਵੇਖੋ ਘਰ ਵਿੱਚ ਕੱਲੀ ਕੱਲੀ ਚੀਜ਼ ਜ਼ਰੂਰੀ ਹੁੰਦੀ ਹੈ। ਹਰ ਨਿੱਕੀ ਤੋਂ ਵੱਡੀ ਚੀਜ਼ ਬੇਸ਼ਕੀਮਤੀ ਹੁੰਦੀ ਹੈ। ਉਹਨਾਂ ਘਰਾਂ ਤੇ ਸਮਾਨ ਨਾਲ ਭਾਵਨਾਵਾਂ ਵੀ ਜੁੜੀਆਂ ਹੁੰਦੀਆਂ ਹਨ। ਬਿਨਾ ਕਿਸੇ ਸਰਕਾਰੀ ਅਗਾਮੀ ਚੇਤਾਵਨੀ ਦੇ ਕਿੰਨਾ ਕੁ ਸਮਾਨ ਸੁਰੱਖਿਅਤ ਰੱਖ ਸਕਦੇ ਹੋ। ਹੜਾਂ ਦੌਰਾਨ ਸਾਰੇ ਪੰਜਾਬੀਆਂ ਦੀਆਂ ਨਜ਼ਰਾਂ ਤੇ ਮਨ ਪੰਜਾਬ ਨਾਲ ਜੁੜਿਆ ਹੋਇਆ ਹੈ। ਸੋਸ਼ਲ ਮੀਡੀਆ ਰਾਹੀਂ ਘਟਨਾਵਾਂ

# ਪੰਜਾਬੀਆਂ ਦਾ ਦਰਿਆਵਾਂ ਨਾਲ ਮੱਥਾ ਲੱਗਾ ਹੋਇਆ ਹੈ ਫਿਰ ਵੀ ਹੌਸਲੇ ਬੁਲੰਦ ਹਨ!




ਨੂੰ ਵਾਚ ਰਹੇ ਹਨ। ਲੋਕਾਂ ਵੱਲੋਂ ਚਲਾਏ ਰਾਹਤ ਕਾਰਜ, ਬੰਦੇ ਦੀ ਬੰਦਾ ਦੀ ਦਾਰੂ ਬਣ ਰਿਹਾ ਹੈ। ਕੋਈ ਦਰਿਆ 'ਚੋਂ ਟਰੈਕਟਰ ਲੰਘਾ ਰਿਹਾ ਛਤਰੀ ਵੀ ਦਿਸਣੋਂ ਹਟ ਜਾਂਦੀ ਹੈ। ਕੋਈ ਗਲ਼ ਗਲ ਪਾਣੀ 'ਚੋਂ ਪੱਠੇ ਲਿਜਾ ਰਿਹਾ। ਕਈ ਲੋਕ ਕਿਸ਼ਤੀਆਂ ਤੇ ਅਤੇ ਤੈਰ ਕੇ ਵੀ ਜਾਨਾਂ ਨੂੰ ਬਚਾ ਰਹੇ ਆ। ਲੋਕ ਆਪੇ ਮਿੱਟੀ ਦੀਆਂ ਬੋਰੀਆਂ ਭਰ ਕੇ ਜਾਲ ਬਣਾ ਕੇ ਪਾਣੀਆਂ ਨਾਲ ਮੱਥਾ ਲਗਾ ਰਹੇ ਆ। ਇਹ ਰੱਬ ਹੀ ਹਨ। ਕੁਝ ਦੂਰੋਂ ਦੂਰੋਂ ਮਿੱਟੀ ਦੇ ਟਰਾਲੇ ਭਰ ਕੇ ਭੇਜ ਰਹੇ ਹਨ। ਆਪਣੀਆ ਮਹਿੰਗੀਆਂ ਫੋਰ ਬਾਈ ਫੋਰ ਗੱਡੀਆਂ ਸੇਵਾ 'ਚ ਲਗਾਈਆਂ ਹੋਈਆਂ ਹਨ। ਮੋਡੀਫਾਈ ਝੋਟੇ ਟਰੈਕਟਰ ਖਤਰੇ ਦੇ ਨਿਸ਼ਾਨ ਨੂੰ ਪਾਰ ਕਰਕੇ ਸੇਵਾ ਕਰ ਰਹੇ ਹਨ। ਜਿਨ੍ਹਾਂ ਦੇ ਚਲਾਨ ਕੀਤੇ ਜਾ ਰਹੇ ਸਨ। ਦਾਹੜੀ ਕੇਸ ਵਾਲੇ ਸਾਬਤ ਸੂਰਤ ਵਾਲਿਆਂ ਨੂੰ ਖਾਲਿਸਤਾਨੀ ਦਸਦੇ ਸੀ ਉਹ ਹੀ ਦਿਨ ਰਾਤ ਇੱਕ ਕਰ ਰਹੇ ਹਨ ਪੰਜਾਬੀ ਚੋਬਰ। ਜਿਨ੍ਹਾਂ ਨੂੰ ਨਸ਼ੇੜੀ ਉੜਤਾ ਪੰਜਾਬ ਆਖਦੇ ਸੀ ਉਹ ਹੀ ਸੇਵਾ ਵਿੱਚ ਹਨ। ਕੌਮ ਦੇ ਕੰਮ 'ਚ ਰੁੱਝੇ ਹੋਏ ਹਨ। ਲਹਿੰਦੇ ਚੜ੍ਹਦੇ ਪੰਜਾਬ ਵਾਲੇ ਵੀ ਇੱਕ ਦੂਜੇ ਲਈ ਰੱਬ ਬਣੇ। ਪਾਣੀਆਂ ਨੇ ਸਰਹੱਦਾਂ ਮਿਟਾ ਦਿੱਤੀਆਂ। ਉਧਰ ਪਸ਼ੂ ਵੀ ਭੇਜ ਦਿੱਤੇ। ਲੰਗਰ ਰਾਸ਼ਨ ਵੀ ਇੱਕ ਦੂਜੇ ਪਾਸੇ ਗਿਆ ਹੈ। ਜਜ਼ਬਾਤ ਦਰਦ ਵੀ ਸਾਂਝੇ ਹੋਏ ਹਨ ਇਕੱਠੇ ਹੋ ਕੇ ਬੰਨ ਬਣਾਏ। ਇਹ ਰੱਬ ਹੀ ਹਨ ਜਿਹੜੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਕੇ ਇਨਸਾਨਾਂ ਅਤੇ ਬੇਜ਼ੁਬਾਨਾਂ ਨੂੰ ਬਚਾ ਰਹੇ ਆ। ਆਪ ਭੁੱਖੇ ਹੋਣ ਦੇ ਬਾਵਜੂਦ ਵੀ ਡੁੱਬੇ, ਢਹੇ ਘਰਾਂ 'ਚ ਆਏ ਗਏ ਨੂੰ ਚਾਹ ਪਾਣੀ ਪੁੱਛਦੇ ਆ। ਡੀਸੀ ਅੰਮ੍ਰਿਤਸਰ ਸ਼੍ਰੀਮਤੀ ਸਾਹਨੀ ਪੰਜਾਬ ਦੀ ਧੀ ਬਣ ਚੁੱਕੀ ਹੈ। ਉਥੇ ਮੌਕੇ ਤੇ ਹੀ ਲੋਕ ਖਿਤਾਬ ਦੇ ਰਹੇ ਹਨ ਜਿਹੋ ਜਿਹਾ ਬੰਦਾ ਤੇ ਉਹਦਾ ਉਥੇ ਕਿਰਦਾਰ ਹੁੰਦਾ ਹੈ। ਜਿਹੜੇ ਲੋਕ ਦੂਰ-ਦੂਰ ਤੋਂ ਆ ਕੇ ਦਿਨ ਰਾਤ ਮਨੁੱਖਤਾ ਦੀ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ। ਜਿਹੜੇ ਲੋਕ ਆਪਣੇ ਡੁੱਬਦੇ ਘਰਾਂ ਦੀ ਪ੍ਰਵਾਹ ਨਾ ਕਰਕੇ ਦੂਜਿਆਂ ਨੂੰ ਬਚਾ ਰਹੇ ਹਨ। ਰੱਬ ਦੇ ਬੰਦੇ ਹੀ ਹਨ। ਕਾਰ ਸੇਵਾ ਵਾਲੇ ਤੇ ਹੋਰ ਸੰਤ, ਬਾਬੇ, ਸਮਾਜ ਸੇਵੀ ਤੇ ਹੋਰ ਸੰਸਥਾਵਾਂ ਆਪਣੇ ਫਰਜ਼ ਨਿਭਾ ਰਹੀਆਂ ਹਨ। ਪੰਜਾਬ ਗੁਰੂ ਦੇ ਚਰਨ ਛੋਹ ਧਰਤੀ ਹੈ। ਭਾਈ ਘਨ੍ਹਈਆ ਨੇ ਦੁਸ਼ਮਣ ਨੂੰ ਵੀ ਪਾਣੀ ਪਿਲਾਇਆ ਹੈ। ਗੁਰਾਂ ਨੇ ਮਰਹਮ ਪੱਟੀ ਵੀ ਕਰਨ ਲਈ ਵੀ ਬਖਸ਼ਿਸ਼

# ਭਲੇ ਅਮਰਦਾਸ ਗੁਣ ਤੇਰੇ





ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼-ਵਿਦੇਸ਼ ਵਿਚ ਵੱਖ-ਵੱਖ ਗੁਰੂ ਘਰਾਂ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ ਖਤਰੀ ਦੇ ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਇਸ ਵਾਰ ਪ੍ਰਕਾਸ਼ ਪੁਰਬ ਗੁਰੂ ਅਮਰਦਾਸ ਜੀ ਮਿਤੀ 9 ਮਈ 2017 ਨੂੰ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।


**ਇੰਜੀਨੀਅਰ ਪਰਮਿੰਦਰਜੀਤ ਸਿੰਘ**

**99153-57524**

ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਨਖਤਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਣ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਹਿਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ :

**ਕਰਣੀ ਕਾਗਦੁ ਮਨੁ ਮਸਵਾਣੀ**
**ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ**
**ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥**

**(ਅੰਗ -990)**

ਜਿਉਂ ਹੀ ਇਹ ਸ਼ੁੱਭ ਬੋਲ ਆਪ ਦੇ ਕੰਨੀਂ ਪਏ, ਆਪ ਦੇ ਹਿਰਦੇ ਵਿਚ ਧੂਹ ਪਈ ਅਤੇ ਜਾ ਕੇ ਬੀਬੀ ਅਮਰੋ ਨੂੰ ਪੁੱਛਿਆ ਕਿ ਇਹ ਕਿਸ ਦੀ ਬਾਣੀ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪਾਵਨ ਬਾਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ 'ਤੇ ਹੁਣ ਮੇਰੇ ਪਿਤਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਆਪ ਨੇ ਉਸੇ ਸਮੇਂ ਖਿੱਚ ਖਾਧੀ ਅਤੇ ਬੀਬੀ ਨਾਲ ਦੂਸਰੇ ਪਾਤਸ਼ਾਹ ਜੀ ਦੇ ਦੀਦਾਰ ਨੂੰ ਚੱਲ ਪਏ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਦਿਆਂ ਹੀ ਉਨ੍ਹਾਂ ਦੇ ਅੰਦਰ ਠੰਢ ਵਰਤ ਗਈ ਅਤੇ ਉਹ ਗੁਰੂ ਚਰਨਾਂ ਨਾਲ ਲਿਪਟ ਗਏ। ਆਪ ਨੇ ਲਗਾਤਾਰ 12 ਸਾਲ ਗੁਰੂ ਦਰਬਾਰ ਵਿਚ ਗੁਰੂ ਸਾਹਿਬ ਅਤੇ ਸਾਧ ਸੰਗਤ ਦੀ ਅਣਥੱਕ ਸੇਵਾ ਕੀਤੀ। ਆਪ ਰੋਜ਼ ਗੁਰੂ ਸਾਹਿਬ ਦੇ ਇਸ਼ਨਾਨ ਅਤੇ ਲੰਗਰ ਲਈ ਬਿਆਸ ਦਰਿਆ ਤੋਂ ਜਲ ਲਿਆਉਂਦੇ ਸਨ। ਇਕ ਵਾਰ ਸਰਦੀਆਂ ਦੀ



ਰਾਤ ਨੂੰ ਮੀਂਹ ਕਾਰਨ ਚਿੱਕੜ ਹੋਇਆ ਪਿਆ ਸੀ ਪਰ ਆਪ ਨੇ ਸੇਵਾ ਵਿਚ ਵਿਘਨ ਨਾ ਪਾਇਆ। ਸਿਰ ਉਤੇ ਪਾਣੀ ਦੀ ਗਾਗਰ ਚੁੱਕੀ 72 ਸਾਲ ਦੀ ਬਿਰਧ ਆਯੂ ਵਿਚ ਜਦੋਂ ਆਪ ਤੁਰੇ ਆ ਰਹੇ ਸਨ ਤਾਂ ਅਚਾਨਕ ਜੁਲਾਹੇ ਦੇ ਕਿੱਲੇ ਨਾਲ ਠੋਕਰ ਖਾ ਕੇ ਡਿੱਗ ਪਏ ਪਰ ਪਾਣੀ ਨਾ ਡੁੱਲ੍ਹਣ ਦਿੱਤਾ। ਜੁਲਾਹੀ ਨੇ ਆਪ ਨੂੰ ਨਿਥਾਵਾ ਕਹਿ ਕੇ ਟਕੋਰ ਮਾਰੀ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਆਪ ਦੀ ਮਹਾਨ ਘਾਲਣਾ ਨੂੰ ਦੇਖ ਕੇ ਤੁੱਠੇ ਅਤੇ ਆਪ ਨੂੰ 12 ਸ੍ਰੇਸ਼ਟ ਵਰ ਦੇ ਕੇ ਗਲ ਨਾਲ ਲਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਮਾਣ ਬਖਸ਼ਦਿਆਂ ਕਿਹਾ ਕਿ ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੋਤਿਆਂ ਦੀ ਗੱਤ, ਨਿਪੌਤਿਆਂ ਦੀ ਪੱਤ ਆਦਿ। ਫਿਰ ਗੁਰੂ ਸਾਹਿਬ ਨੇ ਆਪ ਜੀ ਨੂੰ ਗੋਇੰਦਵਾਲ ਨਗਰ ਵਸਾਉਣ ਦੀ ਆਗਿਆ ਦਿੱਤੀ। ਜੋਤੀ ਜੋਤਿ ਸਮਾਉਣ ਸਮੇਂ ਦੂਸਰੇ ਪਾਤਸ਼ਾਹ ਨੇ ਆਪ ਨੂੰ ਗੁਰਗੱਦੀ ਸੌਂਪ ਕੇ ਗੁਰੂ ਅਮਰਦਾਸ ਜੀ ਥਾਪ ਦਿੱਤਾ। ਆਪ ਨੇ 1552 ਈ: ਤੋਂ 1574 ਈ: ਤੱਕ 22 ਸਾਲ, 5 ਮਹੀਨੇ ਅਤੇ 11 ਦਿਨ ਗੁਰਿਆਈ ਕੀਤੀ ਅਤੇ ਅਨੇਕਾਂ ਮਹੱਤਵਪੂਰਨ ਕਾਰਜ ਕੀਤੇ ਜੋ ਆਪਣੀ ਮਿਸਾਲ ਆਪ ਹਨ।

ਆਪ ਨੇ ਦਰਿਆ ਬਿਆਸ ਦੇ ਕਿਨਾਰੇ ਇਕ ਸਾਫ਼-ਸੁਥਰੇ ਸੁੰਦਰ ਨਗਰ ਗੋਇੰਦਵਾਲ ਸਾਹਿਬ ਨੂੰ ਵਸਾ ਕੇ ਇਥੇ 84 ਪੌੜੀਆਂ ਵਾਲੀ ਬਾਉਲੀ ਸਾਹਿਬ ਬਣਵਾਈ। ਗੋਇੰਦਵਾਲ ਸਾਹਿਬ ਸਿੱਖ ਜਗਤ ਦਾ ਪ੍ਰਥਮ ਤੀਰਥ ਅਸਥਾਨ ਅਤੇ ਸਿੱਖੀ ਦਾ ਕੇਂਦਰ ਬਣਿਆ। ਆਪ ਦੇ ਆਦੇਸ਼ ਅਨੁਸਾਰ ਇਥੇ ਹਰ ਰੋਜ਼ ਤਾਜ਼ਾ ਲੰਗਰ ਤਿਆਰ ਹੁੰਦਾ ਸੀ। ਬਲਵਾਨ ਆਤਮਾ, ਬਲਵਾਨ ਮਾਨਸਿਕਤਾ ਅਤੇ ਬਲਵਾਨ ਸਰੀਰਾਂ ਦੇ ਨੇੜੇ ਰੋਗ, ਸੋਗ ਢੁਕ ਨਹੀਂ ਸਕਦੇ। ਸ੍ਰੀ ਗੋਇੰਦਵਾਲ ਸਾਹਿਬ ਦੀ ਸ਼ੋਭਾ ਬਾਬਤ ਭਾਈ ਗੁਰਦਾਸ ਲਿਖਦੇ ਹਨ-

**ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।**


ਸ੍ਰੀ ਗੋਇੰਦਵਾਲ ਅਤੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਆਪ ਨੇ ਇਕ ਮਹਾਨ ਸਿੱਖ ਕੇਂਦਰ ਸਥਾਪਿਤ ਕੀਤਾ। ਆਪ ਨੇ ਹੁਕਮ ਕੀਤਾ ਕਿ ਉਨ੍ਹਾਂ ਨੂੰ ਮਿਲਣ ਆਉਣ ਤੋਂ ਪਹਿਲਾਂ ਹਰ ਇਕ ਦਾ ਲੰਗਰ ਛਕਣਾ ਜ਼ਰੂਰੀ ਹੈ। ਗੁਰੂ ਕੇ ਲੰਗਰ ਵਿਚ ਸਭ ਜਾਤਾਂ ਅਤੇ ਵਰਣਾਂ ਦੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਇਕ ਪੰਗਤ ਵਿਚ ਬੈਠ ਕੇ ਛਕਦੇ ਸਨ। ਇਕ ਵਾਰ ਅਕਬਰ ਬਾਦਸ਼ਾਹ ਵੀ ਨੰਗੇ ਪੈਰੀਂ ਚੱਲ ਕੇ ਗੁਰੂ ਦਰਬਾਰ ਵਿਚ ਆਇਆ ਅਤੇ ਸ਼ਰਧਾ ਸਹਿਤ ਲੰਗਰ ਛਕ ਕੇ ਗੁਰੂ ਜੀ ਦੇ ਦਰਸ਼ਨ ਕੀਤੇ।

ਗੁਰੂ ਸਾਹਿਬ ਜੀ ਨੇ ਵਿਸਾਖੀ ਮੌਕੇ ਸੰਗਤਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਇਕੱਠੇ ਹੋਣ ਦਾ ਆਦੇਸ਼ ਦਿੱਤਾ। ਆਪ ਨੇ ਉੱਚੀ ਕਰਨੀ ਵਾਲੇ ਗੁਰਸਿੱਖਾਂ ਨੂੰ ਪ੍ਰਚਾਰਕ ਥਾਪ ਕੇ ਦੂਰ ਦੁਰੇਡੇ ਥਾਵਾਂ 'ਤੇ ਗੁਰਮਤਿ ਦੇ ਅਸੂਲਾਂ ਦਾ ਪਸਾਰ ਕਰਨ ਲਈ ਭੇਜਿਆ। ਇਨ੍ਹਾਂ ਉੱਤਮ ਬਾਈ ਮੰਜੀਦਾਰਾਂ ਦੇ ਨਾਂਅ ਸ੍ਰੀ ਗੋਇੰਦਵਾਲ ਸਾਹਿਬ ਵਿਚ ਇਕ ਸੋਨੇ ਦੇ ਪੱਤਰੇ ਉੱਤੇ ਲਿਖੇ ਹੋਏ ਹਨ ਜੋ ਇਸ ਪ੍ਰਕਾਰ ਹਨ-ਅੱਲਾਯਾਰ, ਸੱਚਨ ਸੱਚ, ਸਾਧਾਰਣ, ਸਾਵਣ ਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਣਕਚੰਦ, ਮਾਈਦਾਸ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ। ਇਨ੍ਹਾਂ ਵਿਚੋਂ ਮੁਰਾਰੀ ਦਾ ਪਹਿਲਾ ਨਾਂਅ ਪ੍ਰੇਮਾ ਸੀ ਅਤੇ ਉਹ ਕੁਸ਼ਟ ਰੋਗ ਨਾਲ ਪੀੜਤ ਸੀ। ਤੀਸਰੇ ਪਾਤਸ਼ਾਹ ਜੀ ਨੇ ਉਸ ਦਾ ਰੋਗ ਦੂਰ ਕਰਕੇ ਉਸ ਦਾ ਨਾਂਅ ਮੁਰਾਰੀ ਰੱਖਿਆ ਅਤੇ ਸ਼ੀਹਾਂ ਉੱਪਲ ਨਾਮੀ ਸਿੱਖ ਦੀ ਲੜਕੀ ਨਾਲ ਉਸ ਦਾ ਵਿਆਹ ਕਰਕੇ 'ਮੱਖੋ ਮੁਰਾਰੀ' ਦੀ ਜੋੜੀ ਨੂੰ ਵਿਸ਼ੇਸ਼ ਅਸੀਸਾਂ ਨਾਲ ਨਿਵਾਜਿਆ।

ਆਪ ਨੇ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਦੂਰ ਕੀਤੀ। ਆਪ ਦੀ ਭਗਤੀ ਅਤੇ ਸਿੱਖਿਆ ਦਾ ਪ੍ਰਕਾਸ਼ ਦੂਰ-ਦੂਰ ਤੱਕ ਫੈਲ ਗਿਆ। ਆਪ ਨੇ ਪਰਉਪਕਾਰ, ਨੇਕੀ, ਮਿਠਾਸ ਅਤੇ ਪ੍ਰੇਮ ਭਗਤੀ ਦਾ ਉਪਦੇਸ਼ ਦਿੱਤਾ। ਆਪ ਸਹਿਣਸ਼ੀਲਤਾ, ਖਿਮਾ, ਕਰੁਣਾ ਅਤੇ ਨਿਰਮਾਣਤਾ ਦੀ ਤਸਵੀਰ ਸਨ। ਆਪ ਦੀ ਮਹਿਮਾ ਨੂੰ ਬਰਦਾਸ਼ਤ ਨਾ ਕਰਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਭਾਈ ਦਾਤੂ ਨੇ ਇਕ ਵਾਰ ਭਰੀ ਸਭਾ ਵਿਚ ਆ ਕੇ ਆਪ ਦੇ ਬਿਰਧ ਸਰੀਰ ਨੂੰ ਲੱਤ ਮਾਰੀ। ਆਪ ਕੰਬਦੇ ਹੋਏ ਸਿੰਘਾਸਣ ਤੋਂ ਡਿੱਗ ਪਏ ਅਤੇ ਕਿਹਾ ਕਿ ਮੇਰਾ ਸਰੀਰ ਤਾਂ ਬਜ਼ੁਰਗੀ ਅਤੇ ਕਠਿਨ ਘਾਲਣਾ ਕਰਕੇ ਸਖ਼ਤ ਹੋਇਆ ਪਿਆ ਹੈ, ਤੁਹਾਡੇ ਕੋਮਲ ਚਰਨ ਨੂੰ ਮੇਰੇ ਸਰੀਰ ਨਾਲ ਟਕਰਾ ਕੇ ਸੱਟ ਵੱਜੀ ਹੋਣੀ ਹੈ। ਇਹ ਸ਼ਬਦ ਸੁਣ ਕੇ ਭਾਈ ਦਾਤੂ ਜੀ ਸ਼ਰਮਿੰਦੇ ਹੋਏ ਅਤੇ

# ਊਤਮ ਸੰਗਤਿ ਊਤਮ ਹੋਵੈ ॥
# ਗੁਣ ਕਉ ਧਾਵੈ ਅਵਗਣ ਧੋਵੈ ॥ ਅੰਗ 414 ॥

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



ਸ੍ਰੇਸ਼ਟ ਸੰਗਤਿ ਵਿਚ ਮਨੁੱਖ ਸ੍ਰੇਸ਼ਟ ਬਣ ਜਾਂਦਾ ਹੈ। ਆਤਮਕ ਗੁਣਾਂ ਲਈ ਦੌੜ-ਭੱਜ ਕਰਦਾ ਹੈ ਤੇ ਅੰਦਰੋਂ ਅਵਗੁਣ ਧੋ ਦੇਂਦਾ ਹੈ। ਰਹਿਰਾਸ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਬਾਣੀ ਅਸੀਂ ਨਿਤਨੇਮ ਰਾਹੀਂ ਹਰ ਰੋਜ਼ ਪੜ੍ਹਦੇ ਸੁਣਦੇ ਹਾਂ।

**ਭਈ ਪਰਾਪਤਿ ਮਨੁਖ ਦੇਹੁਰੀਆ ॥**

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**

**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ ਅੰਗ 12 ॥**

ਜੇਕਰ ਆਤਮਾ ਨੂੰ ਪ੍ਰਮਾਤਮਾ ਵਿਚ ਅਭੇਦ ਕਰਨਾ ਹੈ ਤਾਂ ਇਸ ਮਨੁੱਖੀ ਜੀਵਨ ਵਿਚ ਸਾਧ ਸੰਗਤ ਵਿਚ ਬੈਠ ਕੇ ਜਾਪ ਕਰਨ ਨਾਲ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿਚ ਸਾਧ ਸੰਗਤ ਅਤੇ ਸਾਧ ਦਾ ਸੰਗ ਕਰਨ ਦੀ ਬਹੁਤ ਤਾਕੀਦ ਕੀਤੀ ਗਈ ਹੈ।

**ਜਿਉ ਚੰਦਨ ਨਿਕਟਿ ਵਸੈ ਹਿਰਡ (ਅਰਿੰਡ) ਬਪੁੜਾ**

**ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ ॥ ਅੰਗ 861 ॥**

ਸਾਧ ਸੰਗਤ ਵਿਚ ਭਗਤੀ ਭਾਵ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਹਨ। ਇਸ ਲਈ ਕਠੋਰ ਤੋਂ ਕਠੋਰ ਮੰਨ ਵੀ ਪਾਕ ਪਵਿੱਤਰ ਹੋ ਜਾਂਦਾ ਹੈ।

ਸੰਧ ਸੰਗਤ ਦਾ ਅਸਲੀ ਮੰਤਵ ਤਾਂ ਸਿਮਰਨ ਕਰਨਾ ਹੀ ਹੈ ਕਿਉਂਕਿ ਪ੍ਰਮਾਤਮਾ ਨੂੰ ਯਾਦ ਕਰਨਾ, ਕੀਰਤੀ ਕਰਨੀ ਆਦਿਕ ਵੀ ਪ੍ਰਮਾਤਮਾ ਦਾ ਸਿਮਰਨ ਕਰਨਾ ਹੀ ਹੈ ਜਿਸ ਨਾਲ ਜਿਥੇ ਮੰਨ ਨੂੰ ਖੁਸ਼ੀਆਂ ਪਰਾਪਤ ਹੁੰਦੀਆਂ ਹਨ ਉਥੇ ਮੰਨ ਨੂੰ ਸ਼ਾਂਤੀ ਵੀ ਪ੍ਰਾਪਤ ਹੁੰਦੀ ਹੈ।

**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥**

**ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ 262 ॥**

ਮਨ ਅਤੇ ਤਨ ਦੇ ਕਲੇਸ਼ ਵੀ ਉਸ ਅਕਾਲ ਪੁਰਖ ਦੀ ਅਰਾਧਨਾ ਨਾਲ ਹੀ ਖਤਮ ਹੁੰਦੇ ਹਨ। ਭਾਈ ਨੰਦ ਲਾਲ ਜੀ ਜੋ ਹਿੰਦੂ ਧਰਮ ਨਾਲ ਸਬੰਧਤ ਸਨ ਅਤੇ ਮੁਸਲਮ ਧਰਮ ਵਿਚ ਕੁਰਾਨ ਸ਼ਰੀਫ ਵਿਚੋਂ ਆਇਤਾ ਦੀ ਬਹੁਤ ਹੀ ਚੰਗੇ ਤਰੀਕੇ ਨਾਲ ਅਰਥ ਕਰਦੇ ਵਿਦਵਾਨ ਸਨ। ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਜੀ ਪਾਸ ਆਉਂਦੇ ਹਨ ਅਤੇ ਬਾਕੀ ਦਾ ਸਮਾਂ ਸਿੱਖ ਧਰਮ ਦੀ ਸੇਵਾ ਵਿਚ ਗੁਜ਼ਾਰਦੇ ਹਨ। ਉਹਨਾਂ ਨੇ ਤਾਂ ਸਿੱਖ ਧਰਮ ਦਾ ਨਾਉਂ 'ਸਾਧ ਸੰਗ' ਲਿਖਿਆ ਹੈ।

**"ਹਮਚੁਸਾ ਦਰ ਮਜਹਬੇ ਈਂ ਸਾਧਸੰਗ" (ਜ਼ਿੰਦਗੀ)** — **ਭਾਈ ਕਾਹਨ ਸਿੰਘ ਨਾਭਾ-ਮਹਾਨ ਕੋਸ਼ 'ਚੋਂ**

ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਘਰ ਲਿਖਣਸਰ ਸਾਹਿਬ ਜੋ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੁਸ਼ੋਭਿਤ ਹੈ ਵਿਖੇ ਭਾਈ ਗੁਰਦਾਸ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਿਤਾ ਕਰਵਾਈ, ਜਿਲਦ ਬਣਵਾਈ ਤੋਂ ਬਾਅਦ ਬਾਬਾ ਬੁੱਢਾ ਜੀ ਦੇ ਸੀਸ ਉੱਪਰ ਸੁਸ਼ੋਭਿਤ ਕਰ ਆਪ ਚੌਰ ਸਾਹਿਬ ਦੀ ਸੇਵਾ ਕਰਦੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸੁਸ਼ੋਭਿਤ ਕੀਤਾ। ਸਵੇਰ ਤੋਂ ਸ਼ਾਮ ਤੱਕ ਦੀ ਸੇਵਾ ਦੀ ਮਰਿਯਾਦਾ ਕਾਇਮ ਕਰਕੇ ਸ਼ਬਦ ਦਾ ਉਚਾਰਨ ਕੀਤਾ -

**ਪੋਥੀ ਪਰਮੇਸਰ ਕਾ ਥਾਨੁ ॥**

**ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨ ॥੧॥ ਰਹਾਉ ॥** — **ਸਾਰਗ ਮਹਲਾ 5, ਪੰਨਾ 1226**

ਇਥੇ ਵੀ ਸਾਧ ਸੰਗਤ ਦੀ ਗੱਲ ਕੀਤੀ ਗਈ ਹੈ। ਸਾਰਾ ਦਿਨ ਅੱਜ ਵੀ ਸੰਗਤਾਂ ਸੰਗਤ ਦੇ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੁੰਦੀਆਂ

ਹਨ ਅਤੇ ਹੁੰਦੀਆਂ ਰਹਿਣਗੀਆਂ।

ਗੁਰੂ ਅਰਜਨ ਦੇਵ ਜੀ ਨੇ ਇਕ ਹੋਰ ਸ਼ਬਦ ਵਿਚ ਵੀ ਸਾਧ ਸੰਗਤਿ ਦੀ ਮਹਾਨਤਾ ਬਾਰੇ ਦੱਸਿਆ ਹੈ –

**ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਠਾਰਾ॥**

**ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥**

**ਹਰਿ ਕੀਰਤਿ ਸਾਧ ਸੰਗਤ ਹੈ ਸਿਰਿ ਕਰਮਨ ਹੈ ਕਰਨਾ॥**

**ਕਹੁ ਨਾਨਕ ਤਿਸੁ ਭਇਓ ਪ੍ਰਾਪਤਿ ਜਿਸੁ ਪੁਰਬੁ ਲਿਖੇ ਕਾ ਲਹਨਾ॥**

**ਤੇਰੋ ਸੇਵਕੁ ਇਹ ਰੰਗਿ ਮਾਤਾ॥**

**ਭਇਓ ਕ੍ਰਿਪਾਲ ਦੀਨ ਦੁਖ ਭੰਜਨ ਹਰਿ ਹਰਿ ਕੀਰਤਨਿ ਇਹ ਮਨੁ ਰਾਤਾ॥ਰਹਾਉ॥**

ਦੂਸਰੇ ਰਹਾਉ ਦੀਆਂ ਪੰਗਤੀਆਂ ਵਿਚ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਹੈ ਅਨੰਦ ਸਰੂਪ ਸਤਿ, ਚਿੱਤ ਅਨੰਦ ਦੀ ਕੀਰਤੀ ਅਤੇ ਸੰਤਸੰਗਤਿ ਕਰਕੇ ਹੀ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਭਗਤ ਪਰਮਾਨੰਦ ਜੀ ਦੁਆਰਾ ਰਚਤ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਸ ਨੂੰ ਵਿਚਾਰਨ ਤੋਂ ਵੀ ਪਤਾ ਚੱਲਦਾ ਹੈ ਕਿ ਸਤਸੰਗਤਿ ਕਰਨ ਨਾਲ ਕੀ-ਕੀ ਪ੍ਰਾਪਤ ਕੀਤਾ ਜਾ ਸਕਦਾ ਹੈ।

**ਸਾਰੰਗ ਪਰਮਾਨੰਦ ਜੀ॥**

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥**

**ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ਰਹਾਉ॥**

**ਕਾਮੁ ਕਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥**

**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥**

**ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥**

**ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥**

**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥**

**ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥੩॥6॥ਪੰਨਾ 1253**

ਹੇ ਮਨੁਖ! ਧਰਮਗ੍ਰੰਥ ਪੜ੍ਹ ਸੁਣ ਕੇ ਵੀ ਤੇਰੇ ਹਿਰਦੇ ਵਿਚ ਦਇਆ ਨੇ ਨਿਵਾਸ ਨਹੀਂ ਕੀਤਾ, ਹਿੰਸਾ ਨੇ ਤੇਰਾ ਅਜੇ ਖਹਿੜਾ ਨਹੀਂ ਛੱਡਿਆ। ਜੀਵਨ ਸਫਲ ਕਰਨ ਵਾਸਤੇ ਸਤਸੰਗਤਿ ਵਿਚ ਬੈਠ ਕੇ ਪ੍ਰਭੂ ਕੀਰਤਨੀ, ਪ੍ਰਭੂ ਕਥਾ ਕਰਨੀ ਅਤੇ ਸੁਣਨੀ ਸੀ ਪਰ ਸਤਸੰਗਤਿ ਵਿਚ ਬੈਠ ਕੇ ਇਹ ਕਰਮ ਵੀ ਨਹੀਂ ਕੀਤਾ ਫਿਰ ਤੇਰੇ ਧਰਮ ਗ੍ਰੰਥ ਪੜ੍ਹਨ ਸੁਣਨ ਦਾ ਕੋਈ ਲਾਭ ਨਹੀਂ।

ਭਾਈ ਮਰਦਾਨਾ ਜੀ ਜਿਹਨਾਂ ਨੂੰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਪ੍ਰਾਪਤ ਹੋਈ ਉਹਨਾਂ ਵੱਲੋਂ ਰਚਤ ਸ਼ਬਦ ਵੀ ਇਸ ਗੱਲ ਦੀ ਪੁਸ਼ਟੀ ਕਰ ਰਿਹਾ ਹੈ ਕਿ ਸਤਸੰਗਤਿ ਕਰਨ ਨਾਲ ਕਿਸ ਤਰ੍ਹਾਂ ਵਕਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਕਾਂਯਾਂ ਲਾਹਣਿ ਆਪ ਮਦੁ ਅੰਮ੍ਰਿਤ ਦਿਸ ਕੀ ਧਾਰ॥**

**ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ**

**ਪੀ ਪੀ ਕਟਹਿ ਬਿਕਾਰ॥੩॥ਮਰਦਾਨਾ ੧, ਪੰਨਾ 554**

ਭੱਟ ਬਲ੍ਹ ਜੀ ਗੁਰੂ ਰਾਮਦਾਸ ਜੀ ਦੀ ਮਹਿਮਾ ਕਰਦੇ ਫੁਰਮਾਉਂਦੇ ਹਨ ਕਿ ਸਤਸੰਗਤਿ ਵਿਚ ਗੁਰੂ ਦਾ ਸਿਮਰਨ ਕਰਨ ਨਾਲ ਕਿਸ ਤਰ੍ਹਾਂ ਸਾਡਾ ਅਗਿਆਨਤਮ ਖਤਮ ਹੁੰਦਾ ਹੈ।

**ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥**

**ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥**

**ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥**

**ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥**

ਕੇ,

**ਸੋਈ ਰਾਮਦਾਸ ਗੁਰੁ ਬਲ ਭਇ ਮਿਲਿ ਸੰਗਤਿ ਧੰਨਿ ਸੰਗਿ ਕਰਹੁ ॥**

**ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥੫॥ ਸਵਈਏ ਮਹਲੇ ਚੌਥੇ ਪੰਨਾ 1405**

ਸਾਧੂ ਉਹ ਨੇਕ ਪੁਰਸ਼ ਬਣ ਜਾਂਦਾ ਹੈ ਜਿਸ ਨੇ ਆਪਣੇ ਮੰਨ ਨੂੰ ਪ੍ਰਭੂ ਦੀ ਅਰਾਧਨਾ ਕਰਕੇ ਸਾਧ ਲਿਆ ਹੁੰਦਾ ਹੈ ਕਿਉਂਕਿ –

**ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨਜਾਨ ॥**

**ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਮਿ ਭਗਵਾਨ ॥ਅੰਗ 1335**

ਭਾਈ ਘਨਈਆ ਜੀ ਨੂੰ ਸਤਸੰਗਤ ਕਰਨ ਨਾਲ ਕਿਤਨਾ ਗਹਿਰਾ ਅਸਰ ਹੋਇਆ ਹੋਵੇਗਾ ਕਿ ਉਹਨਾਂ ਉੱਪਰ ਆਪਣੇ ਅਤੇ ਪਰਾਏ ਵਿਚ ਫਰਕ ਹੀ ਨਜ਼ਰ ਨਹੀਂ ਸੀ ਆ ਰਿਹਾ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸਿਆ ਕਿ ਮੈਨੂੰ ਸਾਰਿਆਂ ਵਿਚ ਤੁਹਾਡਾ ਹੀ ਰੂਪ ਨਜ਼ਰ ਆ ਰਿਹਾ ਹੁੰਦਾ ਹੈ।

**ਬਿਸਰ ਗਈ ਸਭ ਤਾਤਿ (ਈਰਖਾ) ਪਰਾਈ ॥**

**ਜਬ ਤੇ ਸਾਧ ਸੰਗਤਿ ਮੋਹਿ ਪਾਈ ॥ ਰਹਾਉ ॥**

**ਨਾ ਕੋ ਬੈਰੀ ਨਹੀ ਬਿਗਾਨਾ**

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।



1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ -** ਅਗਸਤ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ :-

ਅਗਸਤ ਮਹੀਨੇ ਦੀ ਕੁੱਲ ਆਮਦਨ – 5,23,093.00/– ਰੁਪਏ

ਅਗਸਤ ਮਹੀਨੇ ਦਾ ਕੁੱਲ ਖਰਚਾ – 3,24,587.85/– ਰੁਪਏ

2. **ਅਗਸਤ ਮਹੀਨੇ ਦੀ ਸੰਗਰਾਂਦ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 16.08.2025 ਨੂੰ ਹਾੜ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੇ ਹੀ ਸ਼ਰਧਾ–ਭਾਵ ਮਨਾਇਆ ਗਿਆ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰਸਭਿਨਾਂ ਕੀਰਤਨ ਕਰਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ । ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ

ਦਿਲੋ ਧੰਨਵਾਦ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ -** ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਡੈਂਟਲ ਕਲੀਨਿਕ ਦਾ ਕੰਮ ਚੰਗੇ ਤਰੀਕੇ ਨਾਲ ਸੰਭਾਲ ਰਹੇ ਹਨ ਅਤੇ ਇਸ ਕੰਮ ਨੂੰ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਕਾਫ਼ੀ ਮਰੀਜ਼ ਇਥੇ ਦੀਆਂ ਡੈਂਟਲ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਸਬ-ਕਮੇਟੀਆਂ ਦਾ ਗਠਨ ਕਰਨ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਦੋ ਸਬ-ਕਮੇਟੀਆਂ ਦਾ ਗਠਨ ਕੀਤਾ ਗਿਆ ਜਿਸ ਵਿਚ ਬਲਾਕ-ਏ ਅਤੇ ਬਲਾਕ-ਬੀ ਦੀ ਛੱਤ ਵਿਚ ਕਾਫ਼ੀ ਸਮੇਂ ਤੋਂ ਲੀਕੇਜ ਦੀ ਸਮੱਸਿਆ ਆ ਰਹੀ ਸੀ ਜਿਸਦੇ ਕਾਰਨ ਮੇਨ-ਆਡਿਟੋਰਿਯਮ ਦੇ ਅੰਦਰ ਤੱਕ ਪਾਣੀ ਰਿਸ ਰਿਹਾ ਹੈ। ਇਸ ਲਗਾਤਾਰ ਆ ਰਹੀ ਸਮੱਸਿਆ ਨੂੰ ਧਿਆਨ ਵਿਚ ਰੱਖਦੇ ਹੋਏ ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ) ਜੀ ਦੀ ਕਨਵੀਨਰਸ਼ਿਪ ਅਤੇ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵੀ.ਪੀ. (ਹੈ.ਕੁ.) ਜੀ ਦੀ ਕੋ-ਕਨਵੀਨਰਸ਼ਿਪ ਹੇਠ ਇਕ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਨਾਲ ਹੀ ਸਿਹਤ ਅਤੇ ਸਕਿਉਰਿਟੀ ਨੂੰ ਮੁੱਖ ਰੱਖਦੇ ਹੋਏ ਭਵਨ ਵਿਖੇ ਲੱਗੀ ਹੋਈ ਲਿਫ਼ਟ ਵਿਚ ਕੋਈ ਅਣਸੁਖਾਵੀ ਘਟਨਾਨਾ ਵਾਪਰੇ ਅਤੇ ਭਵਨ ਵਿਖੇ 24 ਘੰਟੇ ਪਾਵਰ ਬੈਕਅੱਪ ਨਾ ਹੋਣ ਇਹ ਕਦਮ ਚੁੱਕਣਾ ਲਾਜ਼ਮੀ ਸਮਝਿਆ ਗਿਆ। ਜਿਸ ਕਰਕੇ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਬ.ਮ.ਸ.ਲ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਲਿਫ਼ਟ ਦੇ ਦਰਵਾਜ਼ੇ ਬਦਲਵਾਉਣ ਦੇ ਆਦੇਸ਼ ਦਿੱਤੇ ਗਏ। ਇਸ ਕੰਮ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਸੂਬੇਦਾਰ ਮੇਜਰ ਜਸਪਾਲ ਸਿੰਘ ਦੀ ਕਨਵੀਨਰਸ਼ਿਪ ਹੇਠ ਇਕ ਸਬ-ਕਮੇਟੀ ਦਾ ਗਠਨ ਕੀਤਾ ਗਿਆ ਅਤੇ ਜਲਦੀ ਹੀ ਇਸ ਕੰਮ ਨੂੰ ਪੂਰਾ ਕਰ ਦਿੱਤਾ ਜਾਏਗਾ।

5. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ -** ਇਸ ਸਕੀਮ ਦੇ ਅਧੀਨ ਪ੍ਰਧਾਨ ਜੀ ਦੀ ਮਨਜ਼ੂਰੀ ਤੋਂ ਬਾਅਦ ਅਗਸਤ ਦੇ ਤੀਸਰੇ ਹਫ਼ਤੇ ਵਿਚ 5 ਹੋਰ ਵਿਦਿਆਰਥੀਆਂ ਨੂੰ 15,000/- ਰੁਪਏ ਦੀ ਰਾਸ਼ੀ ਅਦਾ ਕਰ ਦਿੱਤੀ ਗਈ। ਇਸ ਦਿਸ਼ਾ ਵਿਚ ਲੁਬਾਣਾ ਭਵਨ ਇਸੇ ਤਰ੍ਹਾਂ ਹਮੇਸ਼ਾ ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਮਦਦ ਕਰਦਾ ਰਹੇਗਾ। ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਯੋਗ ਅਤੇ ਗਰੀਬ ਘਰਾਂ ਦੇ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਨ।

6. **ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ ਪੱਤਰ ਬਾਰੇ -** ਐਸ.ਡੀ.ਓ. ਬਿਲਡਿੰਗ (ਅਸਟੇਟ ਆਫ਼ਿਸ), ਸੈਕਟਰ-17, ਚੰਡੀਗੜ੍ਹ ਦੇ ਐਸ.ਡੀ.ਓ. ਵਲੋਂ ਚੀਫ਼ ਆਰਕੀਟੈਕਟ ਨੂੰ ਮਿਤੀ 23.07.2025 ਨੂੰ ਇਕ ਪੱਤਰ ਲਿਖਿਆ ਗਿਆ । ਜਿਸ ਵਿਚ ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ ਬੜੇ ਹੀ ਸਾਫ਼ ਤੌਰ ਤੇ ਲਿਖ ਦਿੱਤਾ ਗਿਆ ਹੈ। ਇਸ ਸੰਬੰਧ ਵਿਚ ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.) ਨੇ ਖੁਦ ਜਾ ਕੇ ਐਸ.ਡੀ.ਓ. ਬਿਲਡਿੰਗ ਨਾਲ ਸੰਪਰਕ ਕੀਤਾ ਅਤੇ ਬਹੁਤ ਕੋਸ਼ਿਸ਼ਾਂ ਤੋਂ ਬਾਅਦ ਇਹ ਪੱਤਰ ਲਿਖਵਾਉਣ ਵਿਚ ਕਾਮਯਾਬੀ ਹਾਸਲ ਕੀਤੀ। ਇਸ ਦੇ ਨਾਲ ਹੀ ਬਹੁਤ ਜਲਦ ਹੀ ਚੀਫ਼ ਆਰਕੀਟੈਕਟ ਵਲੋਂ ਲੁਬਾਣਾ ਭਵਨ ਦੇ ਜ਼ੋਨਲ ਪਲਾਨ ਵਿਚ ਸੁਧਾਰ ਦੀ ਵੀ ਉਮੀਦ ਹੈ। ਇਸ ਸੰਬੰਧ ਵਿਚ ਕਰਨਲ ਗੁਰਦੀਪ ਸਿੰਘ ਜੀ ਅੱਗੇ ਵੀ ਸਮੇਂ-ਸਮੇਂ ਤੇ ਸਾਰੀ ਕਾਰਵਾਈ ਅਤੇ ਕੋਸ਼ਿਸ਼ਾਂ ਕਰਦੇ ਰਹਿਣਗੇ। ਇਸ ਸੰਬੰਧ ਵਿਚ

● ● ●

**ਅਕਲ ਕੱਪੜਿਆਂ ਵਿਚੋਂ ਨਹੀਂ, ਮਨੁੱਖ ਦੀਆਂ ਆਦਤਾਂ ਤੇ ਗੱਲਬਾਤ ਵਿਚੋਂ ਝਲਕਦੀ ਹੈ।**

ਸਮਾਜਕ ਲੇਖ

# ਘਰ ਦਾ ਪਿਆਰ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**


ਘਰ ਇੱਟਾਂ ਜਾਂ ਸੀਮਿੰਟ ਨਾਲ ਬਣੀ ਇਮਾਰਤ ਨਹੀਂ ਹੁੰਦੀ, ਘਰ ਤਾਂ ਉਹ ਹੈ ਜਿਥੇ ਮੁਹਬਤ ਹੈ, ਪਿਆਰ ਹੈ, ਵਾਅਦੇ ਹਨ, ਸੱਧਰਾਂ ਹਨ, ਸੁਪਨੇ ਹਨ ਤੇ ਉਮੀਦਾਂ ਹਨ। ਘਰ ਵਿਚ ਬੱਚਿਆਂ ਦੀਆਂ ਕਿਲਕਾਰੀਆਂ ਅਤੇ ਬਜ਼ੁਰਗਾਂ ਦਾ ਅਸ਼ੀਰਵਾਦ ਗੂੰਜਦਾ ਹੈ। ਬੱਚਿਆਂ ਦੇ ਮਾਸੂਮ ਹਾਸਿਆਂ ਦਾ ਸੰਗੀਤ ਕੰਨਾਂ ਨੂੰ ਮਿਠਾਸ ਦਿੰਦਾ ਹੈ। ਕਿਹਾ ਗਿਆ ਹੈ ਕਿ ਮਰਦ ਮਕਾਨ ਬਣਾਉਂਦੇ ਹਨ ਤੇ ਔਰਤਾਂ ਉਸ ਨੂੰ ਘਰ ਬਣਾਉਂਦੀਆਂ ਹਨ। ਛੱਜੂ ਦੇ ਚੁਬਾਰੇ ਸੁਖ ਤਾਂ ਹੀ ਮਿਲੇਗਾ ਜੇ ਉਥੇ ਪ੍ਰੇਮ ਹੋਵੇਗਾ, ਮੁਹੱਬਤ ਹੋਵੇਗੀ, ਸੁਖ ਹੋਵੇਗਾ, ਸ਼ਾਂਤੀ ਹੋਵੇਗੀ। ਇਹ ਪਿਆਰ ਹੀ ਹੈ ਜੋ ਮਕਾਨ ਨੂੰ ਘਰ ਬਣਾਉਂਦਾ ਹੈ। ਜਿਹੜੇ ਘਰ ਵਿਚ ਪਿਆਰ ਹੁੰਦਾ ਹੈ, ਉਥੇ ਹਨ੍ਹੇਰਾ ਨਹੀਂ ਹੁੰਦਾ, ਝਗੜਾ ਨਹੀਂ ਹੁੰਦਾ ਅਤੇ ਅਸ਼ਾਂਤੀ ਨਹੀਂ ਹੁੰਦੀ। ਪਿਆਰ ਦੀ ਕੋਈ ਵੀ ਸੀਮਾ ਨਹੀਂ ਹੁੰਦੀ। ਪਿਆਰ ਤਾਂ ਘਰ ਵਿਚਲੀਆਂ ਤੰਗੀਆਂ ਤੁਰਸ਼ੀਆਂ ਨੂੰ ਵੀ ਭੁਲਾ ਦਿੰਦਾ ਹੈ। ਜੀਵਨ ਵਿਚ ਅਸੀਂ ਕਈ ਅਜਿਹੇ ਪਰਿਵਾਰ ਵੇਖੇ ਹਨ ਜਿਥੇ ਪੈਸੇ ਦੀ ਕੋਈ ਕਮੀ ਨਹੀਂ ਹੁੰਦੀ। ਪਰ ਘਰ ਵਿਚ ਪਿਆਰ ਤੇ ਵਿਸ਼ਵਾਸ ਦੀ ਕਮੀ ਕਾਰਨ ਜੀਵਨ ਨਰਕ ਬਣਿਆ ਪਿਆ ਹੁੰਦਾ ਹੈ। ਪੈਸਾ ਪਿਆਰ, ਸ਼ਾਂਤੀ ਅਤੇ ਖੁਸ਼ੀ ਦੀ ਜਾਮਨੀ ਨਹੀਂ ਹੁੰਦਾ। ਜੀਵਨ ਵਿਚ ਕੁਝ ਰਿਸ਼ਤੇ ਅਸੀਂ ਜਨਮ ਤੋਂ ਪ੍ਰਾਪਤ ਕਰਦੇ ਹਾਂ ਤੇ ਕੁਝ ਰਿਸ਼ਤੇ ਸਮਾਜ ਦੁਆਰਾ ਬਣਾਏ ਜਾਂਦੇ ਹਨ। ਦੂਜੀ ਕਿਸਮ ਦੇ ਰਿਸ਼ਤਿਆਂ ਵਿਚ ਸਭ ਤੋਂ ਮਹੱਤਵਪੂਰਨ ਹੈ ਪਤੀ-ਪਤਨੀ ਦਾ ਰਿਸ਼ਤਾ। ਅਜਿਹਾ ਰਿਸ਼ਤਾ ਜਿਸ ਵਿਚ ਮੂਰਤਾਂ ਭਾਵੇਂ ਦੋ ਹੁੰਦੀਆਂ ਹਨ ਪਰ ਜੋਤ ਉਹਨਾਂ ਵਿਚ ਇਕ ਹੀ ਜਗਦੀ ਹੈ। ਕਿਹਾ ਜਾਂਦਾ ਹੈ ਕਿ ਸੰਜੋਗ ਧੁਰੋਂ ਹੀ ਲਿਖੇ ਹੁੰਦੇ ਹਨ। ਸਮਾਜ ਤਾਂ ਦੋ ਰੂਹਾਂ ਨੂੰ ਮਿਲਾਉਣ ਦਾ ਇਕ ਜ਼ਰੀਆ ਹੀ ਬਣਦਾ ਹੈ। ਇਹ ਰਿਸ਼ਤਾ ਜਨਮਾਂ-ਜਨਮਾਂਤਰਾਂ ਦਾ ਹੁੰਦਾ ਹੈ। ਸਾਡੇ ਸਮਾਜ ਵਿਚ ਇਸ ਰਿਸ਼ਤੇ ਨੂੰ ਬਹੁਤ ਉੱਚ ਕੋਟੀ ਦੀ ਮਾਨਤਾ ਦਿੱਤੀ ਗਈ ਹੈ। ਅਜਿਹੀ ਉਦਾਹਰਣ ਕਿਸੇ ਹੋਰ ਦੇਸ਼ ਵਿਚ ਸ਼ਾਇਦ ਹੀ ਮਿਲਦੀ ਹੋਵੇ। ਇਸ ਵਿਚ ਇਸਨੂੰ ਦੋ ਸਾਹਾਂ ਦੀ ਇਕ ਧੜਕਨ ਅਤੇ ਦੋ ਜਿਸਮਾਂ ਦੀ ਇਕ ਜਾਨ ਕਿਹਾ ਗਿਆ ਹੈ। ਪਤੀ ਪਤਨੀ ਦੇ ਰਿਸ਼ਤੇ ਨੂੰ ਸਮਝਣ ਲਈ ਸਾਨੂੰ ਇਸ ਦੇ ਇਤਿਹਾਸਕ ਅਤੇ ਮਿਥਿਹਾਸਕ ਸੰਦਰਭ ਨੂੰ ਵੀ ਸਮਝਣਾ ਜ਼ਰੂਰੀ ਹੈ। ਇਹ ਇਕ ਸਰਬ ਪ੍ਰਵਾਨਿਤ ਤੱਥ ਹੈ ਕਿ ਇਸ ਰਿਸ਼ਤੇ ਸਬੰਧੀ ਸਮੁੱਚੇ ਮਨੁੱਖੀ ਸਮਾਜ ਵਿਚ ਮਰਦ ਦੀ ਇਹ ਭਾਵਨਾ ਹੈ ਕਿ ਔਰਤ ਨੂੰ ਮਰਦ ਨਾਲੋਂ ਘਟੀਆ ਸਮਝਿਆ ਗਿਆ ਹੈ। ਬਾਈਬਲ ਅਨੁਸਾਰ ਔਰਤ ਦੀ ਸਿਰਜਨਾ ਮਰਦ ਦੀ ਇਕ ਪਸਲੀ ਲੈ ਕੇ ਕੀਤੀ ਗਈ।

ਮਨੂੰ ਸਿਮਰਤੀ ਵਿਚ ਲਿਖਿਆ ਹੈ ਕਿ ਇਸਤਰੀ ਦੀ ਰੱਖਿਆ ਬਚਪਨ ਵਿਚ ਉਸ ਦਾ ਪਿਤਾ ਕਰਦਾ ਹੈ, ਜਵਾਨੀ ਵਿਚ ਉਸ ਦਾ ਰੱਖਿਅਕ ਉਸ ਦਾ ਪਤੀ ਹੁੰਦਾ ਹੈ ਅਤੇ ਬੁਢਾਪੇ ਵਿਚ ਉਸ ਦੀ ਰੱਖਿਆ ਉਸ ਦੇ ਪੁੱਤਰ ਕਰਦੇ ਹਨ। ਉਹ ਕਦੇ ਵੀ ਸੁਤੰਤਰ ਰਹਿਣ ਦੇ ਯੋਗ ਨਹੀਂ ਹੁੰਦੀ। ਇਸ ਤੋਂ ਇਲਾਵਾ ਉਸ ਨੂੰ ਪੈਰ ਦੀ ਜੁੱਤੀ, ਬੇਵਫਾਈ ਦੀ ਮੂਰਤ, ਵਾਸ਼ਨਾ ਦੀ ਖੂਹੀ, ਨਰਕ ਦਾ ਦੁਆਰ, ਈਰਖਾ ਦਾ ਭਾਂਬੜ, ਬੱਚੇ ਜੰਮਣ ਵਾਲੀ ਮਸ਼ੀਨ ਅਤੇ ਆਦਮ ਖੋਰ ਬਘਿਆੜੀ ਆਦਿ ਕਹਿ ਕੇ ਭੰਡਿਆ ਹੈ। ਜੇਕਰ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਭਾਵੇਂ ਉਸ ਨੂੰ ਮੰਦਿਰ ਵਿਚ ਦੇਵੀ ਬਣਾ ਕੇ ਪੂਜਿਆ ਤਾਂ ਗਿਆ ਪਰ ਪਰਿਵਾਰ ਸਮਾਜ ਵਿਚ ਉਸ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਗਿਆ।

ਪਤੀ ਪਤਨੀ ਇਕ ਦੂਜੇ ਦੇ ਪੂਰਕ ਹੁੰਦੇ ਹਨ। ਭਾਰਤੀ ਸਮਾਜ ਵਿਚ ਪਤੀ ਪਤਨੀ ਦੇ ਰਿਸ਼ਤੇ ਨੂੰ ਖਾਸ ਅਹਿਮੀਅਤ ਦਿੱਤੀ ਗਈ ਹੈ। ਮਨੂੰ ਸਿਮਰਤੀ ਵਿਚ ਲਿਖਿਆ ਹੈ ਕਿ ਜਿਸ ਘਰ ਵਿਚ ਪਤੀ ਨਾਲ ਪਤਨੀ ਅਤੇ ਪਤਨੀ ਨਾਲ ਪਤੀ ਪ੍ਰਸੰਨ ਰਹਿੰਦਾ ਹੈ, ਉਸ ਘਰ ਵਿਚ ਹਮੇਸ਼ਾ ਕਲਿਆਣ ਹੁੰਦਾ ਹੈ। ਉਥੇ ਕਿਸੇ ਪ੍ਰਕਾਰ ਦਾ ਦੁਖ ਨਹੀਂ ਹੁੰਦਾ। ਪਤੀ ਪਤਨੀ ਇਕ ਦੂਜੇ ਦੇ ਪੂਰਕ ਹੁੰਦੇ ਹਨ ਅਤੇ ਇਕ ਤੋਂ ਬਿਨਾਂ ਦੂਜੇ ਦੀ ਕੋਈ ਹੋਂਦ ਨਹੀਂ ਹੁੰਦੀ। ਜਿਥੇ ਪਤੀ ਪਤਨੀ ਨੇ ਘਰ ਨੂੰ ਸਵਰਗ ਬਣਾਇਆ ਹੋਇਆ ਹੈ, ਉਥੇ ਬੱਚਿਆਂ ਦਾ ਵਿਕਾਸ ਸਰਬਪੱਖੀ ਹੁੰਦਾ ਹੈ। ਪਤੀ ਪਤਨੀ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹੁੰਦੇ ਹਨ। ਇਹ ਰਿਸ਼ਤਾ ਪਤੰਗ ਦੀ ਡੋਰ ਜਾਂ ਗੜਵੇ ਤੇ ਡੋਰ ਵਾਲਾ ਹੁੰਦਾ ਹੈ। ਇਕ ਦੂਜੇ ਦੇ ਏਨੇ ਨਜ਼ਦੀਕ ਹੁੰਦੇ ਹਨ ਕਿ ਇਕ ਤੋਂ ਬਿਨਾਂ ਦੂਸਰਾ ਅਧੂਰਾ ਜਾਪਦਾ ਹੈ। ਪਤੀ ਪਤਨੀ ਦੇ ਰਿਸ਼ਤੇ ਦੀ ਮਿਠਾਸ ਦਾ ਅਸਰ ਪੂਰੇ ਪਰਿਵਾਰ ਤੇ ਪੈਂਦਾ ਹੈ। ਪ੍ਰਸਿੱਧ ਫਰਾਂਸੀਸੀ ਵਿਦਵਾਨ ਫਰਾਂਸਿਸ ਬੇਕਿਨ ਲਿਖਦੇ ਹਨ 'ਪਤਨੀ ਨੌਜਵਾਨ ਦੀ ਪ੍ਰੇਮਿਕਾ ਹੁੰਦੀ ਹੈ, ਅਧਖੜ ਉਮਰ ਵਿਚ ਸਹਾਰਾ ਹੁੰਦੀ ਹੈ ਅਤੇ ਬੁੱਢੇ ਆਦਮੀ ਲਈ ਇਕ ਨਰਸ ਹੁੰਦੀ ਹੈ।'

ਵਿਆਹੁਤਾ ਜੀਵਨ ਵਿਚ ਪਤੀ ਪਤਨੀ ਨੂੰ ਇਕ ਦੂਜੇ ਦੀ ਸ਼ਖ਼ਸੀਅਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵਿਆਹੁਤਾ ਜੀਵਨ ਵਿਚ ਪੂਰਨ ਇਕਸੁਰਤਾ ਜਾਂ ਵੱਧ ਤੋਂ ਵੱਧ ਇਕਸੁਰਤਾ ਸਾਡਾ ਨਿਸ਼ਾਨਾ

ਹੋਣੀ ਚਾਹੀਦੀ ਹੈ ਪਰ ਇਹ ਇਕਸੁਰਤਾ ਆਪਣੇ ਆਪ ਨਹੀਂ ਆਉਂਦੀ, ਇਸ ਲਈ ਯਤਨ ਕਰਨੇ ਪੈਂਦੇ ਹਨ। ਪਤੀ ਪਤਨੀ ਨੂੰ ਇਕ ਦੂਜੇ ਦੇ ਵਿਚਾਰਾਂ ਅਤੇ ਸੁਝਾਵਾਂ ਨੂੰ ਸਵੀਕਾਰ ਕਰਨ ਲਈ ਹਰ ਵੇਲੇ ਤਿਆਰ ਰਹਿਣਾ ਚਾਹੀਦਾ ਹੈ, ਆਪਣੀ ਮਰਜ਼ੀ ਦੂਜੇ ਤੇ ਠੋਸਣੀ ਨਹੀਂ ਚਾਹੀਦੀ। ਬਹੁਤ ਸਾਰੇ ਜੋੜੇ ਆਪਣੀ ਹੱਠ ਧਰਮੀ ਕਾਰਨ ਮਾਮੂਲੀ ਗੱਲਾਂ ਤੇ ਝਗੜਾ ਕਰਦੇ ਰਹਿੰਦੇ ਹਨ। ਜਿਸ ਨਾਲ ਉਹਨਾਂ ਦਾ ਜੀਵਨ ਨਰਕ ਬਣ ਜਾਂਦਾ ਹੈ। ਪਤੀ ਪਤਨੀ ਵਿਚ ਕੁਝ ਗਿਲੇ ਸ਼ਿਕਵੇ ਹੋਣਾ ਸੁਭਾਵਿਕ ਹੁੰਦੇ ਹਨ, ਅਜਿਹੇ ਝਗੜਿਆਂ ਜਾਂ ਮੰਨ ਮੁਟਾਵ ਨੂੰ ਜਲਦੀ ਤੋਂ ਜਲਦੀ ਖਤਮ ਕਰ ਲੈਣਾ ਚਾਹੀਦਾ ਹੈ। ਆਪਸੀ ਟਕਰਾਉ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ। ਗੁੱਸੇ ਭਰੇ ਸ਼ਬਦਾਂ ਨੂੰ ਮੁਸਕਾਨ ਨਾਲ ਬੇਅਸਰ ਕੀਤਾ ਜਾ ਸਕਦਾ ਹੈ। ਆਪਣੇ ਸਾਥੀ ਦੀਆਂ ਕਹੀਆਂ, ਅਣਕਹੀਆਂ ਇਛਾਵਾਂ ਨੂੰ ਜਾਨਣ ਦੀ ਪੂਰੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਪਤੀ ਪਤਨੀ ਦੇ ਰਿਸ਼ਤੇ ਦੀ ਬੁਨਿਆਦ, ਵਿਸ਼ਵਾਸ, ਪਿਆਰ ਤੇ ਕੁਰਬਾਨੀ ਤੇ ਟਿਕੀ ਹੋਈ ਹੁੰਦੀ ਹੈ। ਇਸ ਵਿਚ ਸ਼ੱਕ ਜਾਂ ਈਰਖਾ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਪਤੀ ਪਤਨੀ ਵਿਚ ਆਪਸੀ ਵਿਸ਼ਵਾਸ ਤੇ ਮੁਹੱਬਤ ਦੀ ਡੂੰਘਾਈ ਇਸ ਹੱਦ ਤੱਕ ਹੋਣੀ ਚਾਹੀਦੀ ਹੈ ਕਿ ਦੋਨੋ ਹੀ ਅਜਲਾਂ ਤੱਕ ਇਕ ਦੂਜੇ ਦੇ ਸਾਥੀ ਬਨਣ ਦੇ ਸੁਪਨੇ ਵੇਖਣ। ਦੋਨਾਂ ਵਿਚ 'ਤੇਰੀ ਮੇਰੀ ਇਕ ਜਿੰਦੜੀ' ਵਾਲਾ ਪਿਆਰ ਹੋਣਾ ਚਾਹੀਦਾ ਹੈ। ਧੰਨ ਦੌਲਤ ਜਾਂ ਪਦਾਰਥਕ ਸਹੂਲਤਾਂ ਇਸ ਰਿਸ਼ਤੇ ਦੇ ਨੇੜੇ ਵੀ ਨਹੀਂ ਆਉਣੀਆਂ ਚਾਹੀਦੀਆਂ। ਪਤੀ ਪਤਨੀ ਵਿਚ ਪੂਰਨ ਪਿਆਰ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਵਿਚਾਰਕ ਸਾਂਝ ਅਤੇ ਆਰਥਿਕ ਤੌਰ ਤੇ ਸੁਤੰਤਰ ਹੋਣ ਦੇ ਨਾਲ-ਨਾਲ ਜੀਵਨ ਪ੍ਰਤੀ ਸਕਾਰਾਤਮਕ ਸੋਚ ਹੋਣੀ ਚਾਹੀਦੀ ਹੈ। ਸੁੱਖ ਸਹੂਲਤਾਂ ਵੀ ਕੇਵਲ ਹਾਂ-ਪੱਖੀ ਅਤੇ ਆਸ਼ਾਵਾਦੀ ਸੋਚ ਵਾਲੇ ਲੋਕਾਂ ਨੂੰ ਹੀ ਖੁਸ਼ੀਆਂ ਪ੍ਰਦਾਨ ਕਰਦੀਆਂ ਹਨ। ਇਸ ਨਾਲ ਉਹ ਜੀਵਨ ਦੀਆਂ ਸਾਰੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਦਾ ਹੌਂਸਲੇ ਨਾਲ ਸਾਹਮਣਾ ਕਰਦੇ ਹੋਏ ਉਨ੍ਹਾਂ ਵਿਚੋਂ ਬਹੁਤੀਆਂ ਦਾ ਹੱਲ ਵੀ ਤਲਾਸ਼ ਲੈਂਦੇ ਹਨ।

ਇਮਾਨਦਾਰੀ ਨਾਲ ਆਪਣੇ ਜੀਵਨ ਸਾਥੀ ਨੂੰ ਵਾਚੋ ਅਤੇ ਜੇਕਰ ਉਹ ਕੁਝ ਚੰਗਾ ਕਰੇ ਤਾਂ ਉਸ ਦੀ ਰੱਜ ਕੇ ਪ੍ਰਸੰਸਾ ਕਰੋ। ਕਿਸੇ ਚੰਗੇ ਕੰਮ ਲਈ ਕੀਤੀ ਗਈ ਪ੍ਰਸੰਸਾ ਜਾਦੂ ਦਾ ਕੰਮ ਕਰਦੀ ਹੈ। ਇਹ ਮਨੁੱਖੀ ਸ਼ਖ਼ਸੀਅਤ ਲਈ ਪ੍ਰੇਰਨਾ ਦਾ ਸੋਮਾ ਹੁੰਦੀ ਹੈ। ਮਾਫ ਕਰਨ ਅਤੇ ਭੁੱਲ ਜਾਣ ਦੀ ਕਲਾ ਵੀ ਇਸ ਰਿਸ਼ਤੇ ਵਿਚ ਬਹੁਤ ਹੀ ਸਹਾਈ ਹੁੰਦੀ ਹੈ। ਜੇਕਰ ਤੁਹਾਡਾ ਸਾਥੀ ਕੋਈ ਗਲਤੀ ਕਰਦਾ ਹੈ ਜਿਸ ਨਾਲ ਤੁਹਾਡੇ ਮੰਨ ਨੂੰ ਠੇਸ ਪਹੁੰਚੀ ਹੈ ਤਾਂ ਇਸ ਗੱਲ ਨੂੰ ਲੰਮਾ ਨਹੀਂ ਘਸੀਟਣਾ ਚਾਹੀਦਾ ਸਗੋਂ ਜਿੰਨੀ ਛੇਤੀ ਹੋਵੇ ਇਸ ਨੂੰ ਭੁੱਲ ਜਾਵੋ ਆਪਣੇ ਸਾਥੀ ਨੂੰ ਮੁਆਫ਼ ਕਰ ਦੇਵੋ। ਜੇਕਰ ਤੁਸੀਂ ਆਪਣੀ ਵਿਹੁ ਨੂੰ ਅੰਦਰੋਂ ਅੰਦਰੀਂ ਘੋਲਦੇ ਰਹੋਗੇ ਤਾਂ ਜੀਵਨ ਰੂਪੀ ਬਾਗ ਵਿਚ ਕੁੜੱਤਣ ਤੋਂ ਸਿਵਾਏ ਕੁਝ ਨਹੀਂ ਪ੍ਰਾਪਤ ਹੋਵੇਗਾ। ਗਲਤੀ ਕਰਨਾ ਗੁਨਾਹ ਨਹੀਂ ਹੁੰਦਾ, ਹਰ ਮਨੁੱਖ ਤੋਂ ਗਲਤੀਆਂ ਹੁੰਦੀਆਂ ਹਨ। ਪਰ ਗਲਤੀ ਕਰਦੇ ਰਹਿਣਾ ਅਤੇ ਉਸ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਨਾ ਕਰਨਾ ਅਵੱਸ਼ ਹੀ ਗੁਨਾਹ ਹੁੰਦਾ ਹੈ। ਗਲਤੀ ਕਰਨ ਵਾਲੇ ਨੂੰ ਵਾਰ-ਵਾਰ ਅਹਿਸਾਸ ਕਰਵਾਉਣਾ ਵੀ ਠੀਕ ਨਹੀਂ ਹੁੰਦਾ। ਇਹ ਵੀ ਨਹੀਂ ਹੁੰਦਾ ਕਿ ਜ਼ਿੰਦਗੀ ਵਿਚ ਹਮੇਸ਼ਾ ਪਿਆਰ ਹੀ ਪਿਆਰ, ਸਹਿਮਤੀ ਤੇ ਸਹਿਮਤੀ ਹੀ ਹੋਵੇ, ਕਦੇ-ਕਦੇ ਵਿਚਾਰਾਂ ਵਿਚ ਭਿੰਨਤਾ ਅਤੇ ਅਸਹਿਮਤੀ ਵੀ ਹੋ ਸਕਦੀ ਹੈ। ਅਜਿਹੇ ਸਮੇਂ ਸੰਜਮ ਅਤੇ ਸਹਿਣਸ਼ੀਲਤਾ ਸਭ ਤੋਂ ਵਧੀਆ ਹਥਿਆਰ ਹੁੰਦੇ ਹਨ।

ਪਤੀ ਪਤਨੀ ਦੀ ਗ੍ਰਹਿਸਤ ਗੱਡੀ ਸੁਖ ਸ਼ਾਂਤੀ ਨਾਲ ਲੀਹ ਤੇ ਤਾਂ ਹੀ ਚੱਲ ਸਕਦੀ ਹੈ ਜੇ ਆਪਸ ਵਿਚ ਅਟੁੱਟ ਵਿਸ਼ਵਾਸ ਦੀ ਜੋਤ ਜਗਦੀ ਹੋਵੇ ਅਤੇ ਦੋਵੇਂ ਵਫਾਦਾਰੀ ਨਾਲ ਨਿਭਾਉਣ। ਦੋਨਾਂ ਨੂੰ ਇਹ ਗੱਲ ਵੀ ਸਮਝਣੀ ਚਾਹੀਦੀ ਹੈ ਕਿ ਆਪਸੀ ਕਲੇਸ਼ ਦਾ ਅਸਰ ਉਹਨਾਂ ਦੇ ਬੱਚਿਆਂ ਦੇ ਮਾਨਸਿਕ ਵਿਕਾਸ ਤੇ ਜ਼ਰੂਰ ਪਵੇਗਾ। ਆਪਸੀ ਪ੍ਰੇਮ ਅਤੇ ਘਰ ਦੇ ਸੁਖਾਵੇਂ ਵਾਤਾਵਰਨ ਵਿਚ ਹੀ ਘਰ ਸਵਰਗ ਬਣ ਸਕੇਗਾ। ਅਜਿਹੇ ਵਾਤਾਵਰਨ ਵਿਚ ਪਲੇ ਹੋਏ ਬੱਚੇ ਅੱਗੇ ਜਾ ਕੇ ਸਮਾਜ ਨੂੰ ਚੰਗਾ ਬਨਾਉਣ ਵਿਚ ਉਸਾਰੂ ਯੋਗਦਾਨ ਪਾ ਸਕਦੇ ਹਨ। ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਪਤਨੀ ਨਾਲ ਹਰ ਗੱਲ ਸਾਂਝੀ ਕਰਨ ਤੋਂ ਕੰਨੀ ਨਾ ਕਤਰਾਏ। ਜੇ ਸੱਸ ਆਪਣੀ ਨੂੰਹ ਨਾਲ ਮਾੜਾ ਵਰਤਾਉ ਕਰੇ ਤਾਂ ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਮਾਂ ਨੂੰ ਪਿਆਰ ਨਾਲ ਸਮਝਾਵੇ ਜੇ ਪਤਨੀ ਦਾ ਵਤੀਰਾ ਨਾਂਹ ਪੱਖੀ ਹੋਵੇ ਤਾਂ ਪਤੀ ਨੂੰ ਪਤਨੀ ਨੂੰ ਵੀ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਇਸੇ ਵਿਚ ਹੀ ਪਰਿਵਾਰ ਦੀ ਭਲਾਈ ਹੁੰਦੀ ਹੈ। ਪਤਨੀ ਆਪਣਾ ਸਭ ਕੁਝ ਛੱਡ ਕੇ ਨਵੇਂ ਪਰਿਵਾਰ ਵਿਚ ਆਈ ਹੁੰਦੀ ਹੈ। ਨਵੇਂ ਪਰਿਵਾਰ ਵਿਚ ਰਚਣ ਮਿਚਣ ਵਿਚ ਉਸ ਨੂੰ ਸਮਾਂ ਲੱਗ ਸਕਦਾ ਹੈ। ਇਸ ਸਮੇਂ ਪਤਨੀ ਦਾ ਹਾਂ-ਪੱਖੀ ਅਤੇ ਨਿਰਪੱਖ ਦ੍ਰਿਸ਼ਟੀਕੋਣ ਪਤਨੀ ਨੂੰ ਮਾਨਸਿਕ ਤੌਰ ਤੇ ਟੁੱਟਣ ਨਹੀਂ ਦੇਵੇਗਾ। ਇਸੇ ਤਰ੍ਹਾਂ ਜੇਕਰ ਨਨਦ ਆਪਣੀ ਭਾਬੀ ਨਾਲ ਚੰਗਾ ਵਰਤਾਉ ਨਹੀਂ ਕਰਦੀ ਤਾਂ ਭਰਾ ਨੂੰ ਆਪਣੀ ਭੈਣ ਨੂੰ ਵੀ ਪਿਆਰ ਨਾਲ ਸਮਝਾਉਣਾ ਪਵੇਗਾ ਤਾਂ ਜੋ ਪਰਿਵਾਰ ਦੀ ਸ਼ਾਂਤੀ ਭੰਗ ਨਾ ਹੋਵੇ। ਪਤਨੀ ਨੂੰ ਵੀ ਚਾਹੀਦਾ ਹੈ ਕਿ ਉਹ ਸੰਜਮ ਦਾ ਪੱਲਾ ਫੜ ਕੇ ਆਦਰਸ਼ ਨੂੰਹ ਵਾਲਾ ਕਿਰਦਾਰ ਨਿਭਾ ਕੇ ਸਹੁਰਿਆਂ ਦੀ ਇੱਜ਼ਤ ਨੂੰ ਚਾਰ ਚੰਨ ਲਗਾਏ। ਪਤੀ ਪਤਨੀ ਦੀ ਆਪਸੀ ਸੂਝ-ਬੂਝ ਇਸ ਰਿਸ਼ਤੇ ਨੂੰ ਆਨੰਦਮਈ ਬਣਾ ਸਕਦੀ ਹੈ।

ਪਤੀ ਅਤੇ ਪਤਨੀ ਦੋ ਵੱਖ-ਵੱਖ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਦੋਨਾਂ ਦਾ ਪਾਲਣ ਪੋਸਣ ਵੱਖ-ਵੱਖ ਸੰਸਕਾਰਾਂ, ਪ੍ਰਸਥਿਤੀਆਂ ਅਤੇ ਸੱਭਿਆਚਾਰਾ ਵਿਚ ਹੋਇਆ ਹੁੰਦਾ ਹੈ। ਕਦੇ ਵੀ ਆਪਣੇ ਸਾਥੀ ਦੇ ਪਰਿਵਾਰ ਦੀ ਆਲੋਚਨਾ ਨਾ ਕਰੋ। ਤੇਰਾ ਪਰਿਵਾਰ ਮੇਰਾ ਹੈ ਅਤੇ ਮੇਰਾ ਪਰਿਵਾਰ ਤੇਰਾ ਹੈ ਵਾਲੀ ਪਹੁੰਚ ਅਪਨਾਉਂਦੇ ਹੋਏ ਪਰਿਵਾਰਾਂ ਵਿਚ ਸੁਧਾਰਕ ਤਬਦੀਲੀਆਂ ਲਿਆਉਣ ਦੀ ਕੋਸ਼ਿਸ਼ ਕਰੋ। ਪਤਨੀ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਕੇਵਲ ਇਕ ਵਿਅਕਤੀ ਨਾਲ ਹੀ ਸ਼ਾਦੀ ਨਹੀਂ ਕਰ ਰਹੀ ਸਗੋਂ ਇਕ ਪਰਿਵਾਰ ਵਿਚ ਸ਼ਾਦੀ ਕਰ ਰਹੀ ਹੈ ਅਤੇ ਪਤੀ ਨੂੰ ਵੀ ਇਹ ਸੋਚਣਾ ਚਾਹੀਦਾ ਹੈ ਕਿ ਉਸ ਦੀ ਪਤਨੀ ਦਾ ਪਰਿਵਾਰ ਵੀ ਉਸ ਦਾ ਆਪਣਾ ਪਰਿਵਾਰ ਹੈ। ਇਸ ਤਰ੍ਹਾਂ ਦੀ ਪਹੁੰਚ ਨਾਲ ਸ਼ਾਦੀ ਦਾ ਬੰਧਨ ਕੇਵਲ ਇਕ ਲੜਕੇ ਅਤੇ ਲੜਕੀ ਦਾ ਮੇਲ ਨਾ ਰਹਿ ਕੇ ਦੋ ਪਰਿਵਾਰਾਂ ਦਾ ਮੇਲ ਬਣ ਜਾਂਦਾ ਹੈ।

ਪਤੀ ਪਤਨੀ ਦਾ ਰਿਸ਼ਤਾ ਆਪਸੀ ਵਿਸ਼ਵਾਸ, ਸਹਿਯੋਗ ਅਤੇ ਪ੍ਰੇਮ ਦਾ ਰਿਸ਼ਤਾ ਹੈ, ਪਰ ਇਹ ਉਮਰਾਂ ਤੱਕ ਸਹੀ ਸਲਾਮਤ ਤਾਂ ਹੀ ਰਹਿ ਸਕਦਾ ਹੈ ਜੇ ਪਤੀ-ਪਤਨੀ ਇਕ ਦੂਜੇ ਪ੍ਰਤੀ ਵਫਾਦਾਰੀ ਦਾ ਧਰਮ ਬਾਖੂਬੀ ਨਿਭਾਉਣ। ਆਪਣੇ ਸਾਥੀ ਦੇ ਮੋਢੇ ਨਾਲ ਮੋਢਾ ਮਿਲਾ ਕੇ ਚਲੋ ਅਤੇ ਉਸ ਨਾਲ ਆਪਣੀਆਂ ਖੁਸ਼ੀਆਂ ਤੇ ਗਮੀਆਂ ਸਾਂਝੀਆਂ ਕਰੋ। ਖੁਸ਼ੀ ਵੰਡਣ ਨਾਲ ਦੁੱਗਣੀ ਹੁੰਦੀ ਹੈ ਤੇ ਗਮ ਵੰਡਣ ਨਾਲ ਅੱਧਾ ਰਹਿ ਜਾਂਦਾ ਹੈ। ਜ਼ਿੰਦਗੀ ਹਮੇਸ਼ਾ ਇਕਸਾਰ ਨਹੀਂ ਚਲਦੀ। ਇਸ ਵਿਚ ਹਮੇਸ਼ਾ ਉੱਚੇ ਨੀਵੇਂ ਪੰਧ ਆਉਂਦੇ ਰਹਿੰਦੇ ਹਨ। ਜੇਕਰ ਕੋਈ ਬੁਰਾ ਵਕਤ ਆ ਵੀ ਜਾਵੇ ਤਾਂ ਆਪਣੇ ਸਾਥੀ ਨੂੰ ਆਪਣੀ ਮੁਹਬਤ ਭਰੀ ਬੁੱਕਲ ਵਿਚ ਸਮੇਟਦੇ ਹੋਏ ਉਸਦਾ ਆਸਰਾ ਬਣੋ। ਇਹ ਦੇਖਿਆ ਜਾਂਦਾ ਹੈ ਕਿ ਵਿਆਹ ਤੋਂ ਪਹਿਲਾਂ ਲੜਕੇ ਅਤੇ ਲੜਕੀਆਂ ਪਰੀ ਸੁਪਨੇ ਮਨ ਵਿਚ ਵਸਾ ਲੈਂਦੇ ਹਨ। ਲੜਕੀਆਂ ਫ਼ਿਲਮੀ ਰਾਜਕੁਮਾਰ ਵਰਗਾ ਪਤੀ ਲੋਚਦੀਆਂ ਹਨ, ਜੋ ਉਹਨਾਂ ਲਈ ਚੰਨ ਤਾਰੇ ਤੋੜ ਕੇ ਲਿਆਵੇ ਤੇ ਲੜਕੇ ਕਿਸੇ ਸੁਪਨ-ਪਰੀ ਦੀ ਕਲਪਨਾ ਕਰਦੇ ਹਨ। ਅਜਿਹੀ ਗੈਰ ਵਿਵਹਾਰਿਕ ਸੋਚ ਕਈ ਵਾਰ ਵਿਵਾਹਿਕ ਜੀਵਨ ਵਿਚ ਉਲਝਣਾ ਖੜ੍ਹੀਆਂ ਕਰ ਦਿੰਦੀ ਹੈ। ਸਾਡੇ ਸਮਾਜ ਵਿਚ ਪ੍ਰੇਮ ਵਿਆਹਾਂ ਦੇ ਅਸਫਲ ਰਹਿਣ ਦਾ ਮੁੱਖ ਕਾਰਨ ਅਜਿਹੀ ਗੈਰ ਵਿਵਹਾਰਕ ਪਹੁੰਚ ਹੀ ਹੈ। ਲੜਕੇ ਲੜਕੀ ਨੂੰ ਵਿਵਹਾਰਕ ਪਹੁੰਚ ਅਤੇ ਆਪਣੇ ਪੈਰ ਜ਼ਮੀਨ ਤੇ ਰੱਖਣ ਦੀ ਜਾਂਚ ਸਿੱਖਣੀ ਪਵੇਗੀ।

ਘਰ ਦੇ ਪਿਆਰ ਵਿਚ ਪਤੀ ਪਤਨੀ, ਧੀਆਂ ਪੁੱਤਰ, ਪੁੱਤਰ ਨੂੰਹਾਂ ਅਤੇ ਬਜ਼ੁਰਗ ਮਾਪਿਆਂ ਦਾ ਤਾਣਾ-ਬਾਣਾ ਸਹੀ ਸਲਾਮਤ, ਜਿਸ ਘਰ ਵਿਚ ਬੁਣ ਲਿਆ ਗਿਆ ਅਤੇ ਇਕ ਦੂਜੇ ਨੂੰ ਪਿਆਰ ਸਤਿਕਾਰ ਦਿੰਦੇ ਹੋਏ ਚੰਗੀਆਂ ਕਦਰਾਂ-ਕੀਮਤਾਂ ਨਾਲ ਜੀਵਨ ਚਲਦਾ ਗਿਆ, ਉਹ ਘਰ ਸਵਰਗ ਤੋਂ ਘੱਟ ਨਹੀਂ ਹੁੰਦੇ। ਘਰਾਂ ਵਿਚ ਬਜ਼ੁਰਗਾਂ ਦੀ ਅਣਦੇਖੀ ਕਰਕੇ ਅਸੀਂ ਨਰੋਏ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੇ। ਭਾਵੇਂ ਨਵੀਂ ਪੀੜ੍ਹੀ ਤੇ ਅੱਜ ਦੇ ਪਦਾਰਥਵਾਦੀ ਯੁੱਗ ਦੀਆਂ ਕਦਰਾਂ-ਕੀਮਤਾਂ ਭਾਰੀ ਪੈ ਗਈਆਂ ਹਨ। ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਹਮੇਸ਼ਾ ਬੱਚੇ ਹੀ ਗਲਤ ਹੁੰਦੇ ਹਨ। ਆਧੁਨਿਕ ਦੌਰ ਵਿਚ ਹਰ ਰਿਸ਼ਤੇ ਵਿਚ ਤਰੇੜਾਂ ਆ ਰਹੀਆਂ ਹਨ। ਅਕਸਰ ਹੀ ਬੁਢਾਪੇ ਵਿਚ ਮਾਂ ਬਾਪ ਅਣਗੌਲਿਆ ਮਹਿਸੂਸ ਕਰਦੇ ਹਨ। ਬੱਚੇ ਆਪਣੇ ਬਜ਼ੁਰਗ ਮਾਪਿਆਂ ਨੂੰ ਬੁਢੇਪਾ ਘਰਾਂ ਵਿਚ ਛੱਡਣ ਤੋਂ ਗੁਰੇਜ ਨਹੀਂ ਕਰਦੇ। ਅਜਿਹਾ ਵਰਤਾਰਾ ਗੈਰ ਸਮਾਜਿਕ ਹੀ ਨਹੀਂ ਸਗੋਂ ਨਿੰਦਣਯੋਗ ਵੀ ਹੈ। ਆਪਸੀ ਸਹਿਯੋਗ ਨਾਲ ਹੀ ਗ੍ਰਹਿਸਤੀ ਜੀਵਨ ਅੱਗੇ ਵਧਦਾ ਹੈ। ਕਈ ਬਜ਼ੁਰਗਾਂ ਨੂੰ ਨਵੀਂ ਬਹੁ ਘਰ ਆਉਣ ਤੇ ਘਰ ਵਿਚ ਪਹਿਲਾਂ ਆਈ ਵੱਡੀ ਨੂੰਹ ਵਿਚ ਬੜੀਆਂ ਬੁਰਾਈਆਂ ਦਿੱਸਣ ਲੱਗ ਪੈਂਦੀਆਂ ਹਨ। ਉਹ ਭੁੱਲ ਜਾਂਦੇ ਹਨ ਕਿ ਹੁਣ ਤੱਕ ਕੌਣ ਉਨ੍ਹਾਂ ਦੀ ਸੇਵਾ ਕਰ ਰਿਹਾ ਸੀ।

ਘਰ ਦੇ ਮਾਹੌਲ ਨੂੰ ਖੁਸ਼ਗਵਾਰ ਅਤੇ ਪਿਆਰ ਨਾਲ ਭਰਿਆ ਰੱਖਣ ਲਈ ਬਜ਼ੁਰਗਾਂ ਨੂੰ ਵੀ ਕਈ ਗੱਲਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ। ਉਹਨਾਂ ਨੂੰ ਆਪਣੇ ਬੱਚਿਆਂ ਦੀ ਨਿੱਜੀ ਜ਼ਿੰਦਗੀ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਪੜ੍ਹ ਲਿਖ ਕੇ ਰੁਜ਼ਗਾਰ ਲਈ ਥਾਂ-ਥਾਂ ਧੱਕੇ ਖਾ ਕੇ ਨਿਰਾਸ਼ ਹੋ ਚੁੱਕੇ ਬੱਚਿਆਂ ਦਾ ਮਨੋਬਲ ਉੱਚਾ ਚੁੱਕਣ ਲਈ ਵੱਡਿਆਂ ਦੀ ਹਮਦਰਦੀ ਕਾਰਗਰ ਹੁੰਦੀ ਹੈ। ਬੁਢੇਪੇ ਵਿਚ ਗੋਡੇ, ਸਿਰ, ਲੱਤਾਂ-ਬਾਹਾਂ ਦਾ ਦਰਦ ਹੋਣਾ ਆਮ ਸਮੱਸਿਆਵਾਂ ਹਨ। ਸਵੇਰੇ ਉਠਦੇ ਸਾਰ ਹੀ ਇਹਨਾਂ ਦਰਦਾਂ ਦੀ ਸ਼ਿਕਾਇਤ ਦਾ ਰੌਲਾ ਪਾ-ਪਾ ਕੇ ਬਾਕੀ ਟੱਬਰ ਦੀ ਸੁਹਾਵਣੀ ਸਵੇਰ ਨੂੰ ਖਰਾਬ ਨਾ ਕਰੋ। ਜੇਕਰ ਤੁਸੀਂ ਸੰਯੁਕਤ ਪਰਿਵਾਰ ਦੇ ਮੁਖੀ ਹੋ ਤਾਂ ਸਾਰਿਆਂ ਦੇ ਦੁਖ ਤਕਲੀਫਾਂ ਦਾ ਖਿਆਲ ਰੱਖੋ ਤੇ ਸਭ ਨੂੰ ਪਿਆਰ ਕਰੋ।

ਬੱਚੇ ਵੀ ਬਜ਼ੁਰਗਾਂ ਦਾ ਧਿਆਨ ਰੱਖਣ ਕਿਉਂਕਿ ਇਹ ਉਹਨਾਂ ਦੀ ਸਮਾਜਿਕ ਜ਼ਿੰਮੇਵਾਰੀ ਹੈ। ਮਾਂ-ਬਾਪ ਨਾਲ ਨਿਮਰਤਾ ਨਾਲ ਗੱਲ ਕਰੋ, ਉਨ੍ਹਾਂ ਦੀ ਗੱਲ ਧੀਰਜ ਨਾਲ ਸੁਣੋ। ਜੇਕਰ ਤੁਸੀਂ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਤਾਂ ਵੀ ਉਹਨਾਂ ਨਾਲ ਸਹਿਣਸ਼ੀਲਤਾ ਨਾਲ ਪੇਸ਼ ਆਉ। ਯਾਦ ਰੱਖੋ ਕਿ ਤੁਸੀਂ ਉਹਨਾਂ ਦੀ ਬਦੌਲਤ ਹੀ ਚੰਗੇ ਪੜ੍ਹੇ ਲਿਖੇ ਹੋ। ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਦੇ ਵਿਚਾਰਾਂ ਦਾ ਵਖਰੇਵਾਂ ਸਦੀਆਂ ਤੋਂ ਚੱਲ ਰਿਹਾ ਹੈ ਅਤੇ ਅੱਗੇ ਵੀ ਚਲਦਾ ਰਹੇਗਾ। ਇਸ ਲਈ ਬਜ਼ੁਰਗਾਂ ਨੂੰ ਵੀ ਆਪਣੇ ਖਾਣ ਅਤੇ ਬੋਲਣ ਉਤੇ ਸੰਜਮ ਰੱਖਦੇ ਹੋਏ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ। ਦੂਜੇ ਪਾਸੇ ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਮਾਂ ਬਾਪ ਤੋਂ ਜ਼ਿਆਦਾ ਚਲਾਕ ਜਾਂ ਚਤੁਰ ਨਾ ਸਮਝਣ। ਜਿਥੇ ਤੁਸੀਂ ਅੱਜ ਫਿਰ ਰਹੇ ਹੋ, ਇਸ ਦੌਰ ਵਿਚੋਂ ਉਹ ਬਹੁਤ ਪਹਿਲਾਂ ਗੁਜਰ ਚੁੱਕੇ

# ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

ਗੁਰਚਰਨ ਸਿੰਘ ਨੂਰਪੁਰ

28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਅੱਠ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 68 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ 'ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ 'ਤੇ ਖਤਮ ਹੋ ਜਾਂਦੀ ਹੈ। 25-30 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਅ ਕੇ ਮਕਰ ਕਰਦਿਆਂ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ 'ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।

ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ

ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ, ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਉਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।



# MATRIMONIAL



SEEKING MATCH LUBANA SIKH BOY 97 BORN/6 FT, B. TECH + MBA (11M), WORKING AT MNC & HANDSOME SALARY. PARENTS RETIRED FROM GOVT. SECTOR. AMBALA CANTT. CONTACT- 94665-04766

* * * * *

MATCH FOR 17.09.1990 BORN 5'5" BA, DCA AMRITDHARI LUBANA MULTANI BOY, WORKING AS GRANTHI SINGH - SGPC EMPLOYEE SALARY 25000, FAMILY –ELDER BROTHER ONE AND YOUNGER SISTER ONE. CONTACT – 9779888166

* * * * *

SEEKING MATCH FOR SIKH LOBANA GIRL STATE/CENTER GOVT. EMPLOYEE, B.A.L.L.B., APRIL 1997, 5'-5", WORKING AS LEGAL ASSISTANT, PUNJAB GOVT. AT CHANDIGARH. CONTACT: 98139-24411

* * * * *

MATCH FOR AMERICAN REGITERED NURSE BSC NURSING 5.6" 1992 BORN LOBANA GIRL. DOCTOR, ENGINEER, OR US PRACTISING LAWYER SHALL BE PREFERRED. CONTACT NO : 9814533182

* * * * *

LUBANA SIKH BOY DEC'92, 5.11FT BE (ECE), MBA (POWER MANAGEMENT) SR. MANAGER @ DELHI NCR. "REQUIRED B.E. / B TECH, M TECH MCA MBA M.SC. M.COM. QUALIFIED GIRL "NO DOWRY SIMPLE SOCIAL CEREMONIES" CASTE NO BAR. DIAL 9417145424, 9878373538.

* * * * *

SEEKING MATCH FOR SIKH LUBANA BOY 1997 BORN (27 YEARS), HEIGHT 5'6", B.A FROM PUNJAB UNIVERSITY, SECURITY OFFICER IN AVIATION SECTOR (INDIGO AIRLINES). FAMILY- FATHER IN REAL ESTATE BUSINESS, MOTHER – GOVT. JOB, ONE ELDER SISTER MARRIED AND STAYING IN USA NOW. CONTACT FOR MORE DETAILS - 9877752737, 8427907533

* * * * *

LOOKING MATCH FOR LUBANA 1993 BORN HEIGHT 6'7" VEGETARIAN BOY, QUALIFICATION- B.TECH (COMPUTER SC.), GRADUATE DIPLOMA IN APPLIED MANAGEMENT, VARIOUS IT CERTIFICATIONS INCLUDING DATA ANALYST AND DATA ENGINEER, PROFESSION – WORKING

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਅਗਸਤ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ।) | 608 | 5000/- | 12.08.2025 |
| 2. | ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਮ. ਨੰ: 187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ। | 614 | 1,000/- | 16.08.2025 |
| 3. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ।) | 615 | 1,000/- | 16.08.2025 |
| 4. | ਕਰਨਲ ਗੁਰਦੀਪ ਸਿੰਘ (ਰਿਟਾ.) ਮ. ਨੰ: 62, ਸੈਕਟਰ-71, ਚੰਡੀਗੜ੍ਹ। | 616 | 500/- | 31.08.2025 |
| 5. | ਪੰਡਿਤ ਰਾਮ ਕੁਮਾਰ ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 609 | 500/- | 16.08.2025 |
| 6. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵੀ.ਪੀ. (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 610 | 200/- | 16.08.2025 |
| 7. | ਸ. ਅਮਰਜੀਤ ਸਿੰਘ ਮ. ਨੰ: 42, ਸੈਕਟਰ-16ਏ, ਚੰਡੀਗੜ੍ਹ। | 611 | 500/- | 16.08.2025 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms<br>Four Single Bed* |
| *Main Hall, A.C<br>Capacity 400 Persons* | *Mini Hall, A.C<br>Capacity 150-200 Persons* |
| *Main Auditorium, A.C<br>Capacity 450 Persons* | *Mini Auditorium, A.C<br>Capacity 150 Persons* |
| *Basement Hall<br>350-400 Persons* | *Conference Hall, A.C<br>Capacity 25 Persons* |

**24x7 Catering Service Available**

For Booking Contact :-
98768-11137, 73470-65188



# ਮਿਤੀ 16-08-2025 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਹਾੜ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ













ਸੰਪਾਦਕ ਸ. ਸੁਰਿੰਦਰ ਸਿੰਘ ਰੂਬੀ ਜੀ ਦੀ ਬੇਟੀ ਡਾਕਟਰ ਪ੍ਰਭਸ਼ਰਨ ਕੌਰ ਐਮ.ਡੀ. ਅਤੇ ਦਾਮਾਦ ਗੁਰਿੰਦਰਪਾਲ ਸਿੰਘ ਜੀ ਦੇ ਬੇਟੇ ਕਾਕਾ ਗੁਰਮਾਨ ਸਿੰਘ ਨੇ ਗੋਆ ਵਿਖੇ ਖੇਡੀ ਗਈ ਸ਼ਤਰੰਜ ਦੀ 38ਵੀਂ ਨੈਸ਼ਨਲ ਚੈਂਪੀਅਨਸ਼ਿਪ ਵਿਚ ਪੰਜਾਬ ਦੀ ਟੀਮ ਵਿਚ ਸ਼ਾਮਲ ਹੋ ਕੇ ਪੰਜਾਬ ਸਟੇਟ ਦੀ ਨੁਮਾਇੰਗੀ ਕੀਤੀ।

ਕਾਕਾ ਗੁਰਮਾਨ ਸਿੰਘ ਤਸਵੀਰ ਵਿੱਚ ਖੜ੍ਹੀ ਕਤਾਰ ਦੇ ਕੇਂਦਰ ਵਿੱਚ ਖੜ੍ਹਾ ਹੈ।